28-JULY-PAGE-1.qxd 7/27/2024 9:59 PM Page 1

ਐਤਵਾਰ, 28 ਜੁਲਾਈ, 2024
13 ਸਾਉਣ { ਨਾਨਕਸ਼ਾਹੀ 556 / ਬਿਕਰਮੀ 2081
ਜਿਲਦ/VOL. : 73
ਅੰਕ/NO. : 57

ਨਵਾਂ ਜ਼ਮਾਨਾ

DAILY NAWAN ZAMANA • SUNDAY, 28 JULY, 2024

ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 8+6=14

ਆਜ਼ਾਦੀ ਤੋਂ ਬਾਅਦ ਪੰਜਾਬ 'ਚ ਬਣੇਗੀ ਪਹਿਲੀ ਨਹਿਰ : ਭਗਵੰਤ ਮਾਨ

ਸ੍ਰੀ ਮੁਕਤਸਰ ਸਾਹਿਬ/ਮਲੋਟ/ਦੋਦਾ (ਸ਼ਮਿੰਦਰਪਾਲ/ਪੂਜਾ/ਚਾਵਲਾ/ਪਰਮਜੀਤ ਸਿੰਘ/ਗੁਰਮੀਤ ਮੱਕੜ/ਵਕੀਲ ਬਰਾੜ)

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ਨੀਵਾਰ ਕਿਹਾ ਕਿ ਸੂਬਾ ਇਕ ਨਵਾਂ ਇਤਿਹਾਸ ਸਿਰਜਣ ਦੇ ਕੰਢੇ 'ਤੇ ਹੈ, ਕਿਉਂਕਿ ਸੂਬੇ ਦੇ ਇਤਿਹਾਸ ਵਿੱਚ ਪਹਿਲੀ ਵਾਰ ਦੱਖਣੀ ਪੰਜਾਬ ਦੀਆਂ ਸਿੰਜਾਈ ਲੋੜਾਂ ਦੀ ਪੂਰਤੀ ਲਈ ਨਵੀਂ ਨਹਿਰ 'ਮਾਲਵਾ ਕੈਨਾਲ' ਪੁੱਟੀ ਜਾ ਰਹੀ ਹੈ।ਮਾਲਵਾ ਨਹਿਰ ਦੇ ਚੱਲ ਰਹੇ ਕੰਮ ਦਾ ਮੁਆਇਨਾ ਕਰਨ ਮਗਰੋਂ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਇਕ ਰਿਕਾਰਡ ਹੈ ਕਿ ਪਿਛਲੀ ਕਿਸੇ ਵੀ ਸਰਕਾਰ ਨੇ ਸੂਬੇ ਦੀ ਇਸ ਲੋੜ ਵੱਲ ਧਿਆਨ ਨਹੀਂ ਦਿੱਤਾ।ਉਨ੍ਹਾ ਕਿਹਾ ਕਿ ਪਿਛਲੀਆਂ ਸਰਕਾਰਾਂ ਦੀ ਇਸ ਘੋਰ ਅਣਗਹਿਲੀ ਕਾਰਨ ਧਰਤੀ ਹੇਠਲੇ ਪਾਣੀ ਦੀ ਵੱਧ ਵਰਤੋਂ ਹੋਈ, ਜਿਸ ਕਾਰਨ ਜ਼ਿਆਦਾਤਰ ਬਲਾਕ ਡਾਰਕ ਜ਼ੋਨ ਵਿੱਚ ਤਬਦੀਲ ਹੋ ਗਏ। ਮਾਨ ਨੇ ਕਿਹਾ ਕਿ ਲਗਭਗ 150 ਕਿਲੋਮੀਟਰ ਲੰਮੀ ਇਹ ਨਵੀਂ ਨਹਿਰ ਸੂਬੇ ਖਾਸ ਕਰਕੇ ਮਾਲਵਾ ਖੇਤਰ 'ਚ ਬੇਮਿਸਾਲ ਤਰੱਕੀ ਅਤੇ ਖ਼ੁਸ਼ਹਾਲੀ ਦੇ ਨਵੇਂ ਯੁੱਗ ਦੀ ਸ਼ੁਰੂਆਤ ਕਰੇਗੀ।ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਇਸ ਵੱਕਾਰੀ ਪ੍ਰਾਜੈਕਟ 'ਤੇ ਲਗਭਗ 2300 ਕਰੋੜ ਰੁਪਏ ਖਰਚ ਕਰੇਗੀ, ਜੋ ਸੂਬੇ ਦੀ ਲਗਭਗ ਦੋ ਲੱਖ ਏਕੜ ਉਪਜਾਊ ਜ਼ਮੀਨ ਦੀਆਂ ਸਿੰਜਾਈ ਲੋੜਾਂ ਦੀ ਪੂਰਤੀ ਕਰੇਗੀ। ਉਨ੍ਹਾ ਮੁੱਖ ਮੰਤਰੀ ਦਾ ਅਹੁਦਾ ਸੰਭਾਲਣ ਤੋਂ ਕਾਫੀ ਪਹਿਲਾਂ ਇਸ ਪ੍ਰਾਜੈਕਟ ਦਾ ਵਿਚਾਰ ਬਣਾਇਆ ਸੀ।ਉਨ੍ਹਾ ਕਿਹਾ ਕਿ ਅਸਲ ਵਿੱਚ ਇਹ ਉਨ੍ਹਾਂ ਦਾ ਸੁਪਨਮਈ ਪ੍ਰਾਜੈਕਟ ਹੈ, ਜਿਸ ਦਾ ਉਦੇਸ਼ ਸੂਬੇ ਦੇ ਸਮੁੱਚੇ ਵਿਕਾਸ ਅਤੇ ਵਿਸ਼ੇਸ਼ ਤੌਰ 'ਤੇ ਮਾਲਵਾ ਖੇਤਰ ਦੇ ਵਿਕਾਸ ਨੂੰ ਵੱਡਾ ਹੁਲਾਰਾ ਦੇਣਾ ਹੈ।

ਪਿਛਲੇ ਹੁਕਮਰਾਨਾਂ 'ਤੇ ਵਿਅੰਗ ਕੱਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਪੰਥ ਦੇ ਨਾਂਅ 'ਤੇ ਵੋਟਾਂ ਮੰਗਣ ਵਾਲਿਆਂ ਨੇ ਕਦੇ ਵੀ ਅਜਿਹਾ ਕਦਮ ਚੁੱਕਣ ਦੀ ਖੇਚਲ ਨਹੀਂ ਕੀਤੀ। ਅਕਾਲੀ ਆਗੂ ਅਜਿਹੇ ਪ੍ਰਾਜੈਕਟਾਂ, ਜਿਨ੍ਹਾਂ ਨਾਲ ਆਮ ਆਦਮੀ ਦੀ ਕਿਸਮਤ ਬਦਲ ਸਕਦੀ ਸੀ, ਨੂੰ ਚਲਾਉਣ ਦੀ ਬਜਾਏ ਆਪਣੇ ਖੇਤਾਂ ਤੱਕ ਪਾਣੀ ਪਹੁੰਚਾਉਣ ਵਿੱਚ ਜ਼ਿਆਦਾ ਦਿਲਚਸਪੀ ਰੱਖਦੇ ਸਨ। ਅਜਿਹੇ ਲੋਕ ਵਿਰੋਧੀ ਪੈਂਤੜੇ ਕਾਰਨ ਇਨ੍ਹਾਂ ਆਗੂਆਂ ਨੂੰ ਵੋਟਰਾਂ ਨੇ ਸਿਰੇ ਤੋਂ ਨਕਾਰ ਦਿੱਤਾ ਅਤੇ ਮੌਜੂਦਾ ਸਰਕਾਰ ਨੂੰ ਵੱਡਾ ਫਤਵਾ ਦਿੱਤਾ।ਮੁੱਖ ਮੰਤਰੀ ਨੇ ਵਿਅੰਗ ਕੀਤਾ ਕਿ ਲੋਕ ਸਭਾ ਮੈਂਬਰ ਹਰਸਿਮਰਤ ਕੌਰ ਬਾਦਲ ਸੂਬੇ ਦੇ ਪਾਣੀਆਂ ਦੀ ਰਾਇਲਟੀ ਮੰਗਣ ਦੇ ਮੁੱਦੇ 'ਤੇ ਮਗਰਮੱਛ ਦੇ ਹੰਝੂ ਵਹਾ ਰਹੀ ਹੈ।ਉਨ੍ਹਾ ਲੋਕ ਸਭਾ ਮੈਂਬਰ ਨੂੰ ਯਾਦ ਦਿਵਾਇਆ ਕਿ 1970 ਦੇ ਦਹਾਕੇ ਤੋਂ ਬਾਅਦ ਜ਼ਿਆਦਾ ਸਮੇਂ ਤੱਕ ਉਨ੍ਹਾ ਦਾ ਪਰਵਾਰ ਪੰਜਾਬ ਵਿੱਚ ਸੱਤਾ ਉੱਤੇ ਕਾਬਜ਼ ਰਿਹਾ, ਪਰ ਉਨ੍ਹਾਂ ਕਦੇ ਵੀ ਇਸ ਮੁੱਦੇ ਨੂੰ ਕਿਤੇ ਵੀ ਨਹੀਂ ਚੁੱਕਿਆ। ਹੁਣ ਜਦੋਂ ਸੂਬੇ ਦੇ ਲੋਕਾਂ ਨੇ ਉਨ੍ਹਾਂ ਨੂੰ ਸਿਆਸੀ ਗੁਮਨਾਮੀ 'ਚ ਧੱਕ ਦਿੱਤਾ ਹੈ ਤਾਂ ਬਾਦਲ ਪਰਵਾਰ ਇਹ ਮੁੱਦੇ ਉਠਾ ਰਿਹਾ ਹੈ। ਸੂਬੇ ਦੇ ਸੂਝਵਾਨ ਲੋਕ ਇਸ ਪਰਵਾਰ ਦਾ ਅਸਲੀ ਚਿਹਰਾ ਜਾਣਦੇ ਹਨ ਅਤੇ ਉਹ ਇਨ੍ਹਾਂ ਦੇ ਗੁਨਾਹਾਂ ਲਈ ਉਨ੍ਹਾਂ ਨੂੰ ਕਦੇ ਵੀ ਨਹੀਂ ਬਖਸ਼ਣਗੇ।

'ਮਾਲਵਾ ਨਹਿਰ' ਸੂਬੇ ਦੀ ਤਰੱਕੀ ਤੇ ਖ਼ੁਸ਼ਹਾਲੀ ਨੂੰ ਵੱਡਾ ਹੁਲਾਰਾ ਦੇਵੇਗੀ

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਸੂਬੇ ਵਿੱਚ 'ਮਾਲਵਾ ਨਹਿਰ' ਦੀ ਉਸਾਰੀ ਕਰਨ ਦਾ ਦੂਰਅੰਦੇਸ਼ੀ ਫੈਸਲਾ ਸੂਬੇ ਵਿੱਚ ਲਗਭਗ ਦੋ ਲੱਖ ਏਕੜ ਜ਼ਮੀਨ ਦੀ ਸਿੰਚਾਈ ਕਰਨ ਵਿੱਚ ਮਦਦ ਕਰੇਗਾ, ਜਿਸ ਨਾਲ ਸੂਬੇ ਵਿੱਚ ਬੇਮਿਸਾਲ ਵਿਕਾਸ ਅਤੇ ਤਰੱਕੀ ਦੇ ਯੁੱਗ ਦੀ ਨਵੀਂ ਸ਼ੁਰੂਆਤ ਹੋਵੇਗੀ।ਮੁੱਖ ਮੰਤਰੀ ਵੱਲੋਂ ਜ਼ਿਲ੍ਹੇ ਵਿੱਚ ਆਪਣੇ ਦੌਰੇ ਦੌਰਾਨ ਮਾਲਵਾ ਨਹਿਰ ਦੇ ਚੱਲ ਰਹੇ ਕੰਮ ਦਾ ਨਿਰੀਖਣ ਕੀਤਾ।ਇਹ ਨਹਿਰ ਹਰੀਕੇ ਹੈੱਡ ਵਰਕਸ ਤੋਂ ਲੈ ਕੇ ਰਾਜਸਥਾਨ ਫੀਡਰ ਨਹਿਰ ਦੇ ਖੱਬੇ ਪਾਸੇ ਦੇ ਨਾਲ-ਨਾਲ ਇਸ ਦੇ ਹੈੱਡ ਵਰਕਸ ਤੋਂ ਪਿੰਡ ਵੜਿੰਗ ਖੇੜਾ ਤੱਕ ਬਣਾਉਣ ਦੀ ਤਜਵੀਜ਼ ਹੈ। ਨਹਿਰ ਦਾ ਕੁਝ ਹਿੱਸਾ ਰਾਜਸਥਾਨ ਸਰਕਾਰ ਦੀ ਸੂਬੇ ਵਿੱਚ ਸਥਿਤ ਜ਼ਮੀਨ ਵਿੱਚ ਵੀ ਬਣੇਗਾ, ਜੋ ਰਾਜਸਥਾਨ

● ਬਾਕੀ ਸਫ਼ਾ 2 'ਤੇ

ਇਹ ਮੇਰਾ ਅਪਮਾਨ, ਫਿਰ ਕਦੀ ਨਹੀਂ ਜਾਊਂਗੀ : ਮਮਤਾ

ਨੀਤੀ ਆਯੋਗ ਦੀ ਗਵਰਨਿੰਗ ਕੌਂਸਲ ਮੀਟਿੰਗ 'ਚੋਂ ਵਾਕਆਊਟ

ਨਵੀਂ ਦਿੱਲੀ : ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਸ਼ਨੀਵਾਰ ਇੱਥੇ ਹੋ ਰਹੀ ਨੀਤੀ ਆਯੋਗ ਦੀ ਮੀਟਿੰਗ 'ਚੋਂ ਵਾਕਆਊਟ ਕਰ ਦਿੱਤਾ।ਜਿਵੇਂ ਹੀ ਉਨ੍ਹਾ ਬੋਲਣਾ ਸ਼ੁਰੂ ਕੀਤਾ ਤਾਂ ਉਨ੍ਹਾ ਨੂੰ ਬੋਲਣ ਤੋਂ ਰੋਕ ਦਿੱਤਾ ਗਿਆ।ਉਨ੍ਹਾ ਦੋਸ਼ ਲਾਇਆ ਕਿ 2024-25 ਲਈ ਪੇਸ਼ ਕੀਤੇ ਗਏ ਕੇਂਦਰੀ ਬਜਟ 'ਚ ਸੂਬਿਆਂ ਨਾਲ ਵਿਤਕਰਾ ਕੀਤਾ ਗਿਆ ਹੈ।ਮੀਟਿੰਗ 'ਚੋਂ ਬਾਹਰ ਆਉਣ ਮਗਰੋਂ ਬੈਨਰਜੀ ਨੇ ਕਿਹਾ, 'ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਚੰਦਰਬਾਬੂ ਨਾਇਡੂ ਨੂੰ ਬੋਲਣ ਲਈ 20 ਮਿੰਟ ਦਿੱਤੇ ਗਏ, ਜਦਕਿ ਅਸਾਮ, ਗੋਆ, ਛੱਤੀਸਗੜ੍ਹ ਦੇ ਮੁੱਖ ਮੰਤਰੀਆਂ ਨੂੰ ਬੋਲਣ ਲਈ 10-12 ਮਿੰਟ ਦਿੱਤੇ ਗਏ। ਮੈਨੂੰ ਪੰਜ ਮਿੰਟਾਂ ਬਾਅਦ ਹੀ ਬੋਲਣ ਤੋਂ ਰੋਕ ਦਿੱਤਾ ਗਿਆ।ਇਹ ਗਲਤ ਹੈ, ਇਸ ਲਈ ਮੈਂ ਮੀਟਿੰਗ ਦਾ ਬਾਈਕਾਟ ਕਰਕੇ ਬਾਹਰ ਆ ਗਈ। ਵਿਰੋਧੀ ਧਿਰ ਵੱਲੋਂ ਮੈਂ ਇਕੱਲੀ ਇੱਥੇ ਪਹੁੰਚੀ ਸੀ. ਮੈਂ ਮੀਟਿੰਗ ਵਿੱਚ ਸ਼ਮੂਲੀਅਤ ਕੀਤੀ, ਕਿਉਂਕਿ ਸਹਿਕਾਰੀ ਸੰਘਵਾਦ ਮਜ਼ਬੂਤ ਹੋਣਾ ਚਾਹੀਦਾ ਹੈ।ਇੱਥੋਂ ਤੱਕ ਕਿ ਬਜਟ ਇਹ ਸਿਆਸੀ ਬਜਟ ਹੈ ਤੇ ਵਿਤਕਰੇ ਵਾਲਾ ਬਜਟ ਹੈ।ਮੈਂ ਕਿਹਾ ਕਿ ਤੁਸੀਂ ਹੋਰ ਸੂਬਿਆਂ ਨਾਲ ਵਿਤਕਰਾ ਕਿਉਂ ਕਰ ਰਹੇ ਹੋ? ਨੀਤੀ ਆਯੋਗ ਕੋਲ ਕੋਈ ਵਿੱਤੀ ਤਾਕਤਾਂ ਹੀ ਨਹੀਂ ਹਨ, ਇਹ ਕਿਵੇਂ ਕੰਮ ਕਰੇਗਾ? ਇਸ ਨੂੰ ਵਿੱਤੀ ਤਾਕਤਾਂ ਦਿਓ ਜਾਂ ਫਿਰ ਯੋਜਨਾ ਕਮਿਸ਼ਨ ਨੂੰ ਵਾਪਸ ਲੈ ਕੇ ਆਓ।' ਮੀਟਿੰਗ ਤੋਂ ਬਾਹਰ ਆ ਕੇ ਉਨ੍ਹਾ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਿਹਾ—ਮੈਨੂੰ ਬੋਲਣ ਲਈ ਏਨਾ ਘੱਟ ਸਮਾਂ ਮਿਲਣ ਕਰਕੇ ਮੈਂ ਆਪਣਾ ਵਿਰੋਧ ਦਰਜ ਕਰਾਇਆ। ਇਸ ਤੋਂ ਬਾਅਦ ਮੈਂ ਬਾਹਰ ਚਲੀ ਆਈ।

ਮਮਤਾ ਨੇ ਇੱਕ ਵਾਰ ਫਿਰ ਤੋਂ ਸੂਬਿਆਂ ਨਾਲ ਭੇਦਭਾਵ ਦਾ ਦੋਸ਼ ਕੇਂਦਰ 'ਤੇ ਲਾਇਆ। ਉਨ੍ਹਾ ਦਾ ਕਹਿਣਾ ਹੈ ਕਿ ਇਹ ਬਹੁਤ ਹੀ ਅਪਮਾਨਿਤ ਕਰਨ ਵਾਲਾ ਹੈ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਨੇ ਕਿਹਾ ਕਿ ਨੀਤੀ ਆਯੋਗ ਦੀ ਮੀਟਿੰਗ 'ਚ ਉਹ ਹੁਣ ਕਦੀ ਨਹੀਂ ਆਵੇਗੀ। ਉਹਨਾ ਕਿਹਾ ਕਿ ਕੇਂਦਰ ਸਰਕਾਰ ਨੂੰ ਸੂਬਾ ਸਰਕਾਰਾਂ ਨਾਲ ਭੇਦਭਾਵ ਨਹੀਂ ਕਰਨਾ ਚਾਹੀਦਾ। ਮੈਂ ਬੋਲਣਾ ਚਾਹੁੰਦੀ ਸੀ, ਪਰ ਮੈਨੂੰ ਸਿਰਫ਼ 5 ਮਿੰਟ ਹੀ ਬੋਲਣ ਦੀ ਇਜਾਜ਼ਤ ਦਿੱਤੀ।

ਸੜਕ ਹਾਦਸੇ 'ਚ 5 ਬੱਚਿਆਂ ਸਮੇਤ 8 ਦੀ ਮੌਤ

ਅਨੰਤਨਾਗ : ਜੰਮੂ-ਕਸ਼ਮੀਰ ਦੇ ਅਨੰਤਨਾਗ ਜ਼ਿਲ੍ਹੇ ਦੇ ਡਾਕਸੁਮ ਵਿੱਚ ਇੱਕ ਭਿਆਨਕ ਹਾਦਸਾ ਵਾਪਰਿਆ। ਇਸ ਹਾਦਸੇ ਵਿੱਚ ਇੱਕੋ ਪਰਵਾਰ ਦੇ ਅੱਠ ਜੀਆਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਸਾਰੇ ਲੋਕ ਕਿਸ਼ਤਵਾੜ ਦੇ ਰਹਿਣ ਵਾਲੇ ਸਨ।ਪੁਲਸ ਨੇ ਕਿਹਾ—ਸੂਮੋ ਜੰਮੂ ਖੇਤਰ ਤੋਂ ਕਿਸ਼ਤਵਾੜ ਵੱਲ ਜਾ ਰਹੀ ਸੀ ਅਤੇ ਡਕਸੁਮ ਦੇ ਕੋਲ ਕੰਟਰੋਲ ਖੋ ਕੇ ਖੱਡ 'ਚ ਜਾ ਡਿੱਗੀ। ਇਸ 'ਚ ਪੰਜ ਬੱਚੇ, ਦੋ ਔਰਤਾਂ ਅਤੇ ਇੱਕ ਮਰਦ ਪੁਲਸ ਮੁਲਾਜ਼ਮ ਦੀ ਜਾਨ ਚਲੀ ਗਈ। ਪੁਲਸ ਨੇ ਮੌਕੇ 'ਤੇ ਲਾਸ਼ਾਂ ਨੂੰ ਕਬਜ਼ੇ 'ਚ ਲੈ ਕੇ ਮਾਮਲਾ ਦਰਜ ਕਰ ਲਿਆ। ਸ਼ੁਰੂਆਤੀ ਜਾਂਚ 'ਚ ਪਤਾ ਚੱਲਿਆ ਕਿ ਡਰਾਇਵਰ ਦੇ ਕੰਟਰੋਲ ਗੁਆ ਦੇਣ ਕਾਰਨ ਇਹ ਹਾਦਸਾ ਹੋਇਆ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਮ੍ਰਿਤਕ ਪੁਲਸ ਮੁਲਾਜ਼ਮ ਇਮਤਿਆਜ਼ ਅਹਿਮਦ ਆਪਣੇ ਪੰਜ ਬੱਚਿਆਂ ਅਤੇ ਦੋ ਔਰਤਾਂ ਨਾਲ ਕਾਰ 'ਚ ਸਵਾਰ ਸੀ। ਕਿਸ਼ਤਵਾੜ-ਅਨੰਤਨਾਗ ਰੋਡ 'ਤੇ ਅਰਾਸ਼ਨ ਦੇ ਕੋਲ ਇਹ ਹਾਦਸਾ ਹੋਇਆ।

ਭਾਰੀ ਮੀਂਹ ਨਾਲ ਚਾਰ ਮੰਜ਼ਲਾ ਇਮਾਰਤ ਡਿੱਗੀ

ਮੁੰਬਈ : ਮਹਾਰਾਸ਼ਟਰ 'ਚ ਨਵੀਂ ਮੁੰਬਈ ਦੇ ਬੇਲਾਪੁਰ ਇਲਾਕੇ 'ਚ ਸ਼ਨੀਵਾਰ ਸਵੇਰੇ ਚਾਰ ਮੰਜ਼ਲਾ ਇੱਕ ਇਮਾਰਤ ਭਾਰੀ ਮੀਂਹ ਕਾਰਨ ਡਿੱਗ ਗਈ ਇਸ ਘਟਨਾ 'ਚ ਤਿੰਨ ਵਿਅਕਤੀਆਂ ਦੀ ਮੌਤ ਹੋ ਗਈ ਜਦਕਿ ਦੋ ਹੋਰ ਜ਼ਖ਼ਮੀ ਹੋ ਗਏ।ਸ਼ਾਹਬਾਜ਼ ਪਿੰਡ 'ਚ ਤੜਕੇ 4.50 ਵਜੇ ਵਾਪਰੀ ਇਸ ਘਟਨਾ ਤੋਂ ਬਾਅਦ ਦੋ ਵਿਅਕਤੀਆਂ ਨੂੰ ਮਲਬੇ ਹੇਠਿਓਂ ਜਿਊਂਦਾ ਕੱਢ ਲਿਆ ਗਿਆ। ਮ੍ਰਿਤਕਾਂ ਦੀ ਪਛਾਣ ਮੁਹੰਮਦ ਮਿਰਾਜ ਅਲਤਾਫ ਹੁਸੈਨ (30), ਮਿਰਾਜ ਸੈਫ ਅੰਸਾਰੀ (24) ਅਤੇ ਸਾਫੀਕ ਅਹਿਮਦ ਰਹਿਮਤ ਅਲੀ ਅੰਸਾਰੀ (28) ਵਜੋਂ ਹੋਈ ਹੈ।ਇਸ ਦੌਰਾਨ ਦੋ ਵਿਅਕਤੀਆਂ ਲਾਲ ਮੁਹੰਮਦ (22) ਅਤੇ ਰੁਖਸਾਨਾ (21) ਨੂੰ ਮਲਬੇ ਹੇਠਿਓਂ ਜਿਊਂਦਾ ਬਾਹਰ ਕੱਢ ਲਿਆ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਇਹ ਹਾਦਸਾ ਸਵੇਰੇ ਕਰੀਬ ਸ਼ਾਹਬਾਜ਼ ਪਿੰਡ 'ਚ ਹੋਇਆ। ਉਨ੍ਹਾਂ ਦੱਸਿਆ ਕਿ ਐੱਨ ਡੀ ਆਰ ਐੱਫ ਅਤੇ ਨਵੀਂ ਮੁੰਬਈ ਨਗਰ ਨਿਗਮ ਦੇ ਫਾਇਰ ਬ੍ਰਿਗੇਡ ਮੁਲਾਜ਼ਮਾਂ ਨੇ ਇਮਾਰਤ ਡਿੱਗਣ ਤੋਂ ਬਾਅਦ ਇਸ ਦੇ ਮਲਬੇ 'ਚ ਫਸੇ ਦੋ ਨੂੰ ਬਚਾਅ ਲਿਆ।

ਲੜਕੀ ਦੀ ਹੱਤਿਆ ਕਰਨ ਵਾਲਾ ਐੱਮ ਪੀ ਤੋਂ ਗ੍ਰਿਫ਼ਤਾਰ

ਭੋਪਾਲ : ਬੈਂਗਲੂਰੂ ਦੇ ਕੋਰਮੰਗਲਾ 'ਚ ਪੇਇੰਗ ਗੈਸਟ ਦੇ ਰੂਪ 'ਚ ਰਹਿ ਰਹੀ ਬਿਹਾਰ ਦੀ ਇੱਕ ਮਹਿਲਾ ਦਾ ਗਲਾ ਵੱਢ ਕੇ ਬੇਰਹਿਮੀ ਨਾਲ ਹੱਤਿਆ ਕਰਨ ਵਾਲੇ ਨੂੰ ਸ਼ਨੀਵਾਰ ਮੱਧ ਪ੍ਰਦੇਸ਼ ਤੋਂ ਗ੍ਰਿਫ਼ਤਾਰ ਕਰ ਲਿਆ। ਮੁਲਜ਼ਮ ਦੀ ਪਛਾਣ ਅਭਿਸ਼ੇਕ ਦੇ ਰੂਪ 'ਚ ਹੋਈ ਹੈ। ਉਕਤ ਘਟਨਾ ਦਾ ਇੱਕ ਸੀ ਸੀ ਟੀ ਵੀ ਕੈਮਰਾ ਫੁਟੇਜ਼ ਸ਼ੁੱਕਰਵਾਰ ਨੂੰ ਸਾਹਮਣੇ ਆਇਆ ਸੀ। ਪੁਲਸ ਮੁਤਾਬਕ ਹਮਲਾਵਰ ਨੇ 23 ਜੁਲਾਈ ਦੀ ਰਾਤ ਨੂੰ 24 ਸਾਲਾ ਕ੍ਰਿਤੀ ਕੁਮਾਰੀ ਦੀ ਹੱਤਿਆ ਕਰ ਦਿੱਤੀ। ਮੁਲਜ਼ਮ ਮੰਗਲਵਾਰ ਰਾਤ 11.30 ਵਜੇ ਵੀ ਆਰ ਲੇਆਉਟ ਸਥਿਤ ਪੀਜੀ ਹੋਸਟਲ 'ਚ ਗਿਆ ਅਤੇ ਤੀਜੀ ਮੰਜ਼ਲ 'ਤੇ ਸਥਿਤ ਕ੍ਰਿਤੀ ਦੇ ਕਮਰੇ 'ਚ ਚਾਕੂ ਨਾਲ ਉਸ ਦਾ ਗਲਾ ਵੱਢ ਦਿੱਤਾ, ਜਿਸ ਨਾਲ ਲੜਕੀ ਦੀ ਮੌਕੇ 'ਤੇ ਹੀ ਮੌਤ ਹੋ ਗਈ।

ਓਡੀਸ਼ਾ ਤੋਂ ਬੀ ਐੱਸ ਐੱਫ ਦੀਆਂ ਦੋ ਬਟਾਲੀਅਨਾਂ ਜੰਮੂ ਰਵਾਨਾ

ਨਵੀਂ ਦਿੱਲੀ : ਸਰਕਾਰ ਨੇ ਓਡੀਸ਼ਾ ਤੋਂ 2,000 ਤੋਂ ਵੱਧ ਸੈਨਿਕਾਂ ਵਾਲੀ ਸੀਮਾ ਸੁਰੱਖਿਆ ਬਲ (ਬੀ ਐੱਸ ਐੱਫ) ਦੀਆਂ ਦੋ ਬਟਾਲੀਅਨਾਂ ਨੂੰ ਭਾਰਤ-ਪਾਕਿਸਤਾਨ ਸਰਹੱਦ 'ਤੇ ਅੱਤਵਾਦ ਪ੍ਰਭਾਵਤ ਜੰਮੂ ਖੇਤਰ 'ਚ ਤਾਇਨਾਤ ਕਰਨ ਦੇ ਆਦੇਸ਼ ਦਿੱਤੇ ਹਨ ਤਾਂ ਜੋ ਉੱਥੇ ਸੁਰੱਖਿਆ ਵਧਾਈ ਜਾ ਸਕੇ। ਅਧਿਕਾਰਤ ਸੂਤਰਾਂ ਨੇ ਸ਼ਨੀਵਾਰ ਇਹ ਜਾਣਕਾਰੀ ਦਿੱਤੀ।ਜੰਮੂ ਖੇਤਰ ਵਿੱਚ ਹਾਲ 'ਚ ਹੋਏ ਅੱਤਵਾਦੀ ਹਮਲਿਆਂ ਦੇ ਮੱਦੇਨਜ਼ਰ ਦੋਵਾਂ ਇਕਾਈਆਂ ਨੂੰ ਨਕਸਲ ਵਿਰੋਧੀ ਮੁਹਿੰਮ ਗਰਿੱਡ ਤੋਂ ਤੁਰੰਤ ਜੰਮੂ ਭੇਜਣ ਦਾ ਫੈਸਲਾ ਲਿਆ ਗਿਆ ਹੈ।

ਸੀ ਪੀ ਆਈ ਪੰਜਾਬ ਦੇ ਮੁੱਦਿਆਂ 'ਤੇ ਅੰਦੋਲਨ ਚਲਾਏਗੀ : ਬੰਤ ਬਰਾੜ

ਚੰਡੀਗੜ੍ਹ : ਚੰਡੀਗੜ੍ਹ ਵਿਖੇ ਸੂਬਾਈ ਦਫਤਰ ਵਿਚ ਚੱਲੀ 2 ਦਿਨ ਦੀ ਐਗਜ਼ੈਕਟਿਵ ਮੀਟਿੰਗ ਵਿਚ ਪਾਰਟੀ ਨੇ ਫੈਸਲਾ ਕੀਤਾ ਕਿ ਕੇਂਦਰ ਵੱਲੋਂ ਪੰਜਾਬ ਦੇ ਚਿਰਾਂ ਤੋਂ ਲਟਕਾਏ ਜਾ ਰਹੇ ਬੁਨਿਆਦੀ ਮਸਲਿਆਂ 'ਤੇ ਵਿਆਪਕ ਮੁਹਿੰਮ ਚਲਾਈ ਜਾਵੇ। ਬੀਬੀ ਰਾਜਿੰਦਰ ਕੌਰ ਦੀ ਪ੍ਰਧਾਨਗੀ ਹੇਠ ਚੱਲੀ ਮੀਟਿੰਗ ਵਿਚ ਲੋਕ ਸਭਾ ਦੀਆਂ ਚੋਣਾਂ ਉਪਰੰਤ ਮੰਥਨ ਕਰਦਿਆਂ ਲੋਕਾਂ ਵਿਚੋਂ ਪਾਰਟੀ ਦੇ ਘਟਦੇ ਪ੍ਰਭਾਵ 'ਤੇ ਡੂੰਘਾ ਚਿੰਤਾ ਦਾ ਪ੍ਰਗਟਾਵਾ ਕੀਤਾ ਗਿਆ। ਫੈਸਲਿਆਂ ਬਾਰੇ ਪੰਜਾਬ ਸੀ ਪੀ ਆਈ ਦੇ ਸਕੱਤਰ ਬੰਤ ਸਿੰਘ ਬਰਾੜ ਨੇ ਦੱਸਿਆ ਕਿ ਪਾਰਟੀ ਨੇ ਫੈਸਲਾ ਕੀਤਾ ਹੈ ਕਿ ਪਾਰਟੀ ਨਵੀਂ ਸ਼ਕਤੀ ਪ੍ਰਦਾਨ ਕਰਨ ਦਾ ਇਕੋ-ਇਕ ਮੂਲ ਮੰਤਰ ਇਹ ਹੈ ਕਿ ਲੁਟੀਆਂ ਜਾ ਰਹੀਆਂ ਜਮਾਤਾਂ ਅਤੇ ਪੰਜਾਬ ਦੇ ਬੁਨਿਆਦੀ ਮੁੱਦਿਆਂ 'ਤੇ ਜ਼ੋਰਦਾਰ ਲੜਾਈ ਆਰੰਭੀ ਜਾਵੇ ਅਤੇ ਪਾਰਟੀ ਪ੍ਰੋਗਰਾਮ ਅਤੇ ਨੀਤੀਆਂ ਬਾਰੇ ਲੋਕਾਂ ਨੂੰ ਜਾਣੂ ਕਰਵਾਇਆ ਜਾਵੇ।

ਸਾਥੀ ਬਰਾੜ ਨੇ ਦੱਸਿਆ ਕਿ ਕੇਂਦਰੀ ਸਰਕਾਰਾਂ ਦੀਆਂ ਪੰਜਾਬ ਪ੍ਰਤੀ ਵਿਤਕਰੇ ਭਰੀਆਂ ਨੀਤੀਆਂ ਅਤੇ ਕੁਰੱਪਟ ਪ੍ਰਾਂਤਿਕ ਸਰਕਾਰਾਂ ਦੇ ਇਨ੍ਹਾਂ ਮੁੱਦਿਆਂ 'ਤੇ ਲੋੜੀਂਦੀ ਲੜਾਈ ਨਾ ਲੜਨ ਕਾਰਨ ਪ੍ਰਾਂਤ ਗੰਭੀਰ ਆ

28-JULY-PAGE-1.qxd 7/27/2024 10:00 PM Page 2

ਮਾਡਰਨ ਕਾਲਜ ਬੀ ਐਡ ਦਾ ਨਤੀਜਾ 100 ਫੀਸਦੀ ਰਿਹਾ

ਚੀਮਾ ਮੰਡੀ (ਰਵਿੰਦਰ ਚੀਮਾ)-ਮਾਡਰਨ ਕਾਲਜ ਆਫ ਐਜੂਕੇਸ਼ਨ ਬੀਰ ਕਲਾਂ ਦਾ ਬੀ ਐਡ ਪਹਿਲੇ ਸਾਲ ਸੈਸ਼ਨ 2023-25 ਸਮੈਸਟਰ ਪਹਿਲੇ ਦਾ ਨਤੀਜਾ 100% ਰਿਹਾ। ਇਸ ਮੌਕੇ ਐਜੂਕੇਸ਼ਨ ਵਿਭਾਗ ਦੇ ਮੁਖੀ ਮੈਡਮ ਰਜਿੰਦਰ ਕੌਰ ਨੇ ਦੱਸਿਆ ਕਿ ਕੁੱਲ 500 ਅੰਕਾਂ ਵਿੱਚੋਂ 416 ਨੰਬਰ ਲੈ ਕੇ ਪ੍ਰਨੀਤ ਕੌਰ ਪਹਿਲੇ, 415 ਨੰਬਰ ਲੈ ਕੇ ਰਣਜੀਤ ਕੌਰ ਦੂਸਰੇ, 410 ਨੰਬਰ ਲੈ ਕੇ ਸੰਦੀਪ ਕੌਰ ਤੀਜੇ, 407 ਨੰਬਰ ਲੈ ਕੇ ਜਸਲੀਨ ਕੌਰ ਚੌਥੇ, 406 ਨੰਬਰ ਲੈ ਕੇ ਰਸ਼ਵਿੰਦਰ ਕੌਰ ਪੰਜਵੇਂ, 405 ਨੰਬਰ ਲੈ ਗਏ ਸਰਬਜੀਤ ਕੌਰ ਛੇਵੇਂ, 402 ਨੰਬਰ ਲੈ ਕੇ ਹਰਪ੍ਰੀਤ ਕੌਰ ਸੱਤਵੇਂ, 401 ਨੰਬਰ ਲੈ ਕੇ ਅੰਚਲ ਗਰਗ ਅੱਠਵੇਂ 399 ਨੰਬਰ ਲੈ ਕੇ ਵੀਰਪਾਲ ਨੌਵੇਂ, 398 ਨੰਬਰ ਲੈ ਕੇ ਗਗਨਦੀਪ ਕੌਰ ਅਤੇ ਇੰਦਰਪਾਲ ਕੌਰ ਦਸਵੇਂ ਸਥਾਨ 'ਤੇ ਰਹੇ। ਇਸ ਮੌਕੇ ਕਾਲਜ ਦੇ ਚੇਅਰਮੈਨ ਡਾ. ਰਵਿੰਦਰ ਬੰਸਲ ਅਤੇ ਪ੍ਰਿੰਸੀਪਲ ਡਾ. ਵੀ ਕੇ ਰਾਏ ਨੇ ਵਿਦਿਆਰਥੀਆਂ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ ਅਤੇ ਸਟਾਫ ਦੀ ਹੌਸਲਾ ਅਫਜ਼ਾਈ ਕੀਤੀ। ਇਸ ਮੌਕੇ ਡਾ. ਨਵਜੋਤ ਕੌਰ, ਅੰਤਰਪਾਲ ਕੌਰ, ਹਰਦੀਪ ਕੌਰ, ਵੀਰਪਾਲ ਕੌਰ ਆਦਿ ਹਾਜ਼ਰ ਸਨ।

ਗੁੱਡ ਮੌਰਨਿੰਗ ਕਲੱਬ ਵੱਲੋਂ ਬੂਟੇ ਲਾਉਣ ਦਾ ਸਿਲਸਿਲਾ ਜਾਰੀ

ਕੋਟਕਪੂਰਾ (ਰਛਪਾਲ ਭੁੱਲਰ)-ਗੁੱਡ ਮੌਰਨਿੰਗ ਵੈਲਫੇਅਰ ਕਲੱਬ ਕੋਟਕਪੂਰਾ ਵੱਲੋਂ ਵਾਤਾਵਰਣ ਦੀ ਸ਼ੁੱਧਤਾ ਲਈ ਬੂਟੇ ਲਾਉਣ ਦੀ ਸ਼ੁਰੂ ਕੀਤੀ ਮੁਹਿੰਮ ਲਗਾਤਾਰ ਜਾਰੀ ਹੈ। ਸ਼ੁੱਕਰਵਾਰ ਪਿੰਡ ਦੇਵੀਵਾਲਾ ਨੂੰ ਜਾਣ ਵਾਲੀ ਸੜਕ 'ਤੇ ਸਥਿਤ ਸੀਵਰੇਜ ਟਰੀਟਮੈਂਟ ਪਲਾਂਟ (ਐੱਸ.ਟੀ.ਪੀ.) 'ਤੇ 100 ਤੋਂ ਜ਼ਿਆਦਾ ਫਲਦਾਰ ਅਤੇ ਛਾਂਦਾਰ ਬੂਟੇ ਲਾਏ ਗਏ। ਕਲੱਬ ਪ੍ਰਧਾਨ ਡਾ. ਮਨਜੀਤ ਸਿੰਘ ਢਿੱਲੋਂ, ਚੇਅਰਮੈਨ ਪੱਪੂ ਲਹੌਰੀਆ, ਪ੍ਰੋਜੈਕਟ ਇੰਚਾਰਜ ਮਨਤਾਰ ਸਿੰਘ ਮੱਕੜ, ਉਪ ਚੇਅਰਮੈਨ ਸੁਰਿੰਦਰ ਸਿੰਘ ਸਦਿਉੜਾ, ਖਜ਼ਾਨਚੀ ਜਸਕਰਨ ਸਿੰਘ ਭੱਟੀ ਅਤੇ ਸਰਪ੍ਰਸਤ ਗੁਰਿੰਦਰ ਸਿੰਘ ਮਹਿੰਦੀਰੱਤਾ ਨੇ ਦੱਸਿਆ ਕਿ ਪਿਛਲੇ ਦਿਨੀਂ ਕਲੱਬ ਦੇ ਚੀਫ ਪੈਟਰਨ ਅਤੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਵੱਲੋਂ ਆਪੋ ਆਪਣੇ ਘਰਾਂ, ਦਫਤਰਾਂ ਜਾਂ ਸਾਂਝੀਆਂ ਥਾਵਾਂ 'ਤੇ ਵੱਧ ਤੋਂ ਵੱਧ ਬੂਟੇ ਲਾਉਣ ਦੀ ਕੀਤੀ ਅਪੀਲ ਮੌਕੇ ਸ਼ੁਰੂ ਕੀਤੀ ਮੁਹਿੰਮ ਦੀ ਲੜੀ ਤਹਿਤ ਅੱਜ ਕਲੱਬ ਦੇ ਸਰਗਰਮ ਮੈਂਬਰ ਕੈਪਟਨ ਰੂਪ ਚੰਦ ਅਰੋੜਾ ਦੀ ਨਿਗਰਾਨੀ ਹੇਠ ਐਸ ਟੀ ਪੀ ਵਿਖੇ ਉੱਥੋਂ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਦੇ ਪਸੰਦੀਦਾ ਬੂਟੇ ਲਾ ਕੇ ਉਨ੍ਹਾਂ ਤੋਂ ਬੂਟਿਆਂ ਦੀ ਸੰਭਾਲ ਯਕੀਨੀ ਬਣਾਉਣ ਦਾ ਭਰੋਸਾ ਲਿਆ ਗਿਆ। ਉਨ੍ਹਾ ਦੱਸਿਆ ਕਿ ਹੁਣ ਤੱਕ 1374 ਵੱਖ-ਵੱਖ ਕਿਸਮਾਂ ਦੇ ਬੂਟੇ ਲਾਏ ਜਾ ਚੁੱਕੇ ਹਨ ਤੇ ਇਹ ਸਿਲਸਿਲਾ ਧੁੰਦਾਂ ਪੈਣ ਦੇ ਮੌਸਮ ਤੱਕ ਲਗਾਤਾਰ ਜਾਰੀ ਰਹੇਗਾ। ਐਸ.ਟੀ.ਪੀ. ਦੇ ਸਮੁੱਚੇ ਅਧਿਕਾਰੀਆਂ ਤੇ ਕਰਮਚਾਰੀਆਂ ਵਲੋਂ ਗੁਰਵਿੰਦਰ ਕੁਮਾਰ ਨੇ ਵਿਸ਼ਵਾਸ ਦਿਵਾਇਆ ਕਿ ਇਕ ਵੀ ਬੂਟਾ ਮਰਨ ਨਹੀਂ ਦਿੱਤਾ ਜਾਵੇਗਾ। ਇਸ ਮੌਕੇ ਉਪਰੋਕਤ ਤੋਂ ਇਲਾਵਾ ਚਰਨਜੀਤ ਸਿੰਘ ਸਰਾਂ, ਡਾ. ਰਵਿੰਦਰਪਾਲ ਕੋਛੜ, ਡਾ. ਦੇਵ ਰਾਜ, ਮੁਖਤਿਆਰ ਸਿੰਘ ਮੱਤਾ, ਓਮ ਪ੍ਰਕਾਸ਼ ਗੁਪਤਾ, ਜਸਪਾਲ ਸਿੰਘ ਲਾਟਾ, ਵਿਨੋਦ ਧਵਨ, ਬਿੱਟੂ ਧੀਗੜਾ, ਕੈਪਟਨ ਜਰਨੈਲ ਸਿੰਘ ਮਾਨ, ਪੱਪਾ ਮਲਹੋਤਰਾ ਆਦਿ ਵੀ ਹਾਜ਼ਰ ਸਨ।

ਡੀ ਸੀ ਨੇ ਸ਼ਹਿਰਾਜ ਸਿੰਘ ਨੂੰ ਕੀਤਾ ਸਨਮਾਨਤ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)-ਕੰਤਰੀਵਾ ਸਟੇਡੀਅਮ ਬੈਂਗਲੋਰੂ ਵਿਖੇ 15, 16 ਤੇ 17 ਜੁਲਾਈ 2024 ਨੂੰ ਹੋਈ, 13ਵੀਂ ਜੂਨੀਅਰ ਤੇ ਸਬ ਜੂਨੀਅਰ ਨੈਸ਼ਨਲ ਪੈਰਾ ਅਥਲੈਟਿਕਸ ਚੈਂਪੀਅਨਸ਼ਿਪ-2024 ਵਿੱਚ ਅੰਡਰ 17 ਵਰਗ ਮੁੰਡਿਆਂ ਵਿੱਚ ਸ਼ਹਿਰਾਜ ਸਿੰਘ ਨੇ ਜੇਵਲਿੰਗ ਥਰੋ ਵਿੱਚ ਦੂਜਾ, ਡਿਸਕਸ ਥਰੋ ਵਿਚ ਤੀਜਾ ਅਤੇ ਸ਼ਾਰਟਪੁੱਟ ਵਿੱਚ ਤੀਜਾ ਸਥਾਨ ਹਾਸਲ ਕਰਕੇ ਸ੍ਰੀ ਮੁਕਤਸਰ ਸਾਹਿਬ ਦਾ ਨਾਂ ਪੂਰੇ ਪੰਜਾਬ ਅਤੇ ਭਾਰਤ ਵਿੱਚ ਰੋਸ਼ਨ ਕੀਤਾ ਅਤੇ ਇੰਟਰਨੈਸ਼ਨਲ ਵਿੱਚ ਆਪਣਾ ਸਥਾਨ ਪੱਕਾ ਕੀਤਾ। ਇਸ ਮੌਕੇ ਡੀ. ਸੀ. ਹਰਪ੍ਰੀਤ ਸਿੰਘ ਸੂਦਨ ਸ੍ਰੀ ਮੁਕਤਸਰ ਸਾਹਿਬ ਨੇ ਸ਼ਹਿਰਾਜ ਸਿੰਘ ਨੈਸ਼ਨਲ ਪਬਲਿਕ ਸਕੂਲ ਦੇ ਵਿਦਿਆਰਥੀ ਨੂੰ ਆਪਣੇ ਦਫ਼ਤਰ ਵਿੱਚ ਸਨਮਾਨਤ ਕੀਤਾ ਅਤੇ ਸਰਕਾਰ ਦੀਆਂ ਸਪਰੋਟਸ ਵਿੱਚ ਜੋ ਪਾਲਸੀਆਂ ਹਨ, ਉਨ੍ਹਾਂ ਮੁਤਾਬਕ ਸਾਰੀਆਂ ਸਹੂਲਤਾਂ ਦੇਣ ਦਾ ਵਿਸ਼ਵਾਸ ਦਿਵਾਇਆ ਅਤੇ ਚੰਗੇ ਭਵਿੱਖ ਲਈ ਆਪਣੇ ਵੱਲੋਂ ਸ਼ੁੱਭਕਾਮਨਾਵਾਂ ਦਿੱਤੀਆਂ।

ਗੁਰੂ ਨਾਨਕ ਕਾਲਜ ਦੇ ਕਾਮਰਸ ਵਿਭਾਗ ਦਾ ਨਤੀਜਾ ਸੌ ਫੀਸਦੀ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਮਈ 2024 ਦੇ ਐਲਾਨੇ ਗਏ ਨਤੀਜਿਆਂ ਅਨੁਸਾਰ ਗੁਰੂ ਨਾਨਕ ਕਾਲਜ ਸ੍ਰੀ ਮੁਕਤਸਰ ਸਾਹਿਬ ਦੇ ਪੋਸਟ ਗਰੈਜੂਏਟ ਕਮਰਸ ਵਿਭਾਗ ਦਾ ਨਤੀਜਾ ਸੌ ਫੀਸਦੀ ਰਿਹਾ ਹੈ।ਵਿਭਾਗ ਦੇ ਮੁਖੀ ਡਾ. ਜਗਮੀਤ ਕੌਰ ਨੇ ਜਾਣਕਾਰੀ ਦਿੱਤੀ ਕਿ ਬੀ. ਕਾਮ ਸਮੈਸਟਰ ਛੇਵਾਂ ਤੇ ਸਮੈਸਟਰ ਚੌਥਾ ਦੇ ਵਿਦਿਆਰਥੀਆਂ ਨੇ ਚੰਗੇ ਅੰਕ ਪ੍ਰਾਪਤ ਕਰਕੇ ਕਾਲਜ ਦਾ ਨਾਮ ਰੋਸ਼ਨ ਕੀਤਾ ਹੈ। ਬੀ ਕਾਮ ਸਮੈਸਟਰ ਛੇਵੇਂ ਦੀ ਵਿਦਿਆਰਥਣ ਤਾਨੀਆ ਸਪੁੱਤਰੀ ਸ੍ਰੀ ਰਿੰਕੂ ਕੁਮਾਰ ਨੇ 84.67% ਅੰਕਾਂ ਨਾਲ ਕਾਲਜ ਵਿੱਚੋਂ ਪਹਿਲਾ ਸਥਾਨ, ਜੋਤੀ ਸਪੁੱਤਰੀ ਸ.ਸੁਰਿੰਦਰ ਸਿੰਘ ਨੇ 79.83% ਅੰਕਾਂ ਨਾਲ ਦੂਜਾ, ਪ੍ਰਭਪਰਨੀਤ ਕੌਰ ਸਪੁੱਤਰੀ ਗਗਨਦੀਪ ਸਿੰਘ ਨੇ 79.67% ਅੰਕਾਂ ਨਾਲ ਤੀਜਾ ਸਥਾਨ ਹਾਸਲ ਕੀਤਾ।ਬੀ. ਕਾਮ ਸਮੈਸਟਰ ਚੌਥੇ ਦੇ ਨਤੀਜੇ ਅਨੁਸਾਰ ਵਿਦਿਆਰਥਣ ਦੀਯਾ ਸਪੁੱਤਰੀ ਵਕੀਲ ਚੰਦ ਨੇ 79.66% ਅੰਕਾਂ ਨਾਲ, ਸ਼ਹਿਨਾਜਪ੍ਰੀਤ ਕੌਰ ਸਪੁੱਤਰੀ ਗੁਰਪ੍ਰੀਤ ਸਿੰਘ ਨੇ 76.66% ਅੰਕਾਂ ਨਾਲ, ਵਿਸ਼ਵਦੀਪ ਕੌਰ ਸਪੁੱਤਰੀ ਗੁਰਚਰਨ ਸਿੰਘ ਨੇ 74.5% ਅੰਕਾਂ ਨਾਲ ਕਾਲਜ ਵਿੱਚੋਂ ਕ੍ਰਮਵਾਰ ਪਹਿਲਾ, ਦੂਜਾ ਤੇ ਤੀਸਰਾ ਸਥਾਨ ਹਾਸਲ ਕੀਤਾ ਹੈ।ਕਾਲਜ ਦੇ ਸਥਾਨਕ ਦੀ ਪ੍ਰਬੰਧਕੀ ਕਮੇਟੀ ਦੇ ਵਧੀਕ ਸਕੱਤਰ ਮਨਜੀਤ ਸਿੰਘ ਬਰਕੰਦੀ ਤੇ ਕਾਲਜ ਪ੍ਰਿੰਸੀਪਲ ਡਾ. ਰਾਣਾ ਬਲਜਿੰਦਰ ਕੌਰ ਨੇ ਸਮੁੱਚੇ ਕਾਮਰਸ ਵਿਭਾਗ ਤੇ ਵਿਦਿਆਰਥੀਆਂ ਨੂੰ ਇਸ ਪ੍ਰਾਪਤੀ ਲਈ ਮੁਬਾਰਕਬਾਦ ਦਿੱਤੀ ਤੇ ਆਉਣ ਵਾਲੇ ਭਵਿੱਖ ਲਈ ਸ਼ੁੱਭਕਾਮਨਾਵਾਂ ਭੇਟ ਕੀਤੀਆਂ।

ਮਾਨਵ ਸੇਵਾ ਸੰਸਥਾ ਨੇ ਵਿਦਿਆਰਥੀਆਂ ਨੂੰ ਸਟੇਸ਼ਨਰੀ ਵੰਡੀ

ਨਾਭਾ (ਵਰਿੰਦਰ ਵਰਮਾ)-ਮਾਨਵ ਸੇਵਾ ਉੱਤਮ ਸੇਵਾ ਸੰਸਥਾ ਨਾਭਾ ਵੱਲੋਂ ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਹਰੀਦਾਸ ਕਲੋਨੀ ਨਾਭਾ ਵਿਖੇ ਵਿਦਿਆਰਥੀਆਂ ਨੂੰ ਸਟੇਸ਼ਨਰੀ ਵੰਡੀ ਗਈ। ਸੰਸਥਾ ਦੇ ਮੁੱਖ ਅਹੁਦੇਦਾਰ ਵਿਕਾਸ ਮਿੱਤਲ ਨੇ ਸਹਯੋਗੀ ਸੱਜਣਾ ਦਾ ਤਹਿ ਦਿਲੋਂ ਧੰਨਵਾਦ ਕੀਤਾ ਤੇ ਉਮੀਦ ਕੀਤੀ ਕਿ ਇਸੇ ਤਰ੍ਹਾਂ ਹੀ ਇਹ ਸੰਸਥਾ ਜ਼ਰੂਰਤਮੰਦ ਲੋਕਾਂ ਦੀ ਸੇਵਾ ਕਰਦੀ ਰਹੇ ਅਤੇ ਇੰਨੇ ਘੱਟ ਸਮੇਂ ਵਿੱਚ ਸਮਾਜ ਸੇਵੀ ਲੋਕ ਮਦਦ ਲਈ ਅੱਗੇ ਆਉਂਦੇ ਰਹਿਣ।ਉਨ੍ਹਾ ਕਿਹਾ ਕਿ ਜੇਕਰ ਕਿਸੇ ਲੋੜਵੰਦ ਨੂੰ ਕਿਸੇ ਪ੍ਰਕਾਰ ਦੀ ਕੋਈ ਜ਼ਰੂਰਤ ਹੁੰਦੀ ਹੈ ਤਾਂ ਉਹ ਸਾਡੇ ਨਾਲ ਸੰਪਰਕ ਕਰ ਸਕਦੇ ਹਨ।ਇਸ ਮੌਕੇ ਸਰਕਾਰੀ ਐਲੀਮੈਂਟਰੀ ਸਮਾਰਟ ਸਕੂਲ ਦੇ ਇੰਚਾਰਜ ਆਸ਼ਾ ਰਾਣੀ, ਮੈਡਮ ਬਲਜਿੰਦਰ ਕੌਰ, ਇੰਦਰਜੀਤ ਕੌਰ, ਆਂਗਨਵਾੜੀ ਮਲਕੀਤ ਕੌਰ, ਹਰ ਮਿਲਣ ਜੋਤ ਕੌਰ ਆਦਿ ਨੇ ਮਾਨਵ ਸੇਵਾ ਊਤਮ ਸੇਵਾ ਸੰਸਥਾ ਦੇ ਅਹੁਦੇਦਾਰ ਵਿਕਾਸ ਮਿੱਤਲ, ਅੰਕੁਰ ਸਿੰਗਲਾ, ਕਮਲ ਗੋਇਲ, ਰਵਿੰਦਰ ਸਿੰਘ, ਸ਼ਿਵ ਕੁਮਾਰ ਕੌਸ਼ਲ, ਮੁਨੀਸ਼ ਮਿੱਤਲ, ਅਤੁਲ ਬਾਂਸਲ (ਐਡਵੋਕੇਟ), ਸੁਨੀਲ ਗੁਪਤਾ, ਦੀਪਕ ਕੁਮਾਰ, ਵਰੁਣ ਸਿੰਗਲਾ, ਅੱਛਰ ਦਾਸ ਆਦਿ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਸਟੇਸ਼ਨਰੀ ਦੀ ਘਾਟ ਹੋਣ ਕਾਰਨ ਵਿਦਿਆਰਥੀਆਂ ਨੂੰ ਬਹੁਤ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਸੀ, ਜਿਸ ਨੂੰ ਵੇਖਦੇ ਹੋਏ ਸੰਸਥਾ ਵੱਲੋਂ ਸਾਡੀ ਮੰਗ ਨੂੰ ਪੂਰਾ ਕੀਤਾ ਗਿਆ ਹੈ।ਉਨ੍ਹਾ ਕਿਹਾ ਕਿ ਇਸ ਸੰਸਥਾ ਵੱਲੋਂ ਪਿਛਲੇ ਦਿਨੀਂ ਗਰਮੀ ਤੋਂ ਰਾਹਤ ਦੇਣ ਲਈ ਸੰਸਥਾ ਵੱਲੋਂ ਕੂਲਰ ਭੇਟ ਕੀਤਾ ਗਿਆ ਸੀ।

ਆਂਗਣਵਾੜੀ ਸੈਂਟਰਾਂ 'ਚ ਐੱਸ ਐੱਨ ਪੀ ਰਾਸ਼ਨ ਦੀ ਚੈਕਿੰਗ

ਫਰੀਦਕੋਟ (ਐਲਿਗਜੈਂਡਰ ਡਿਸੂਜਾ)-ਡਾਇਰੈਕਟਰ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਚੰਡੀਗੜ੍ਹ ਦੇ ਦਿਸ਼ਾ ਨਿਰਦੇਸ਼ਾਂ 'ਤੇ ਸ੍ਰੀਮਤੀ ਰਤਨਦੀਪ ਸੰਧੂ ਜ਼ਿਲ੍ਹਾ ਪ੍ਰੋਗਰਾਮ ਅਫਸਰ ਫਰੀਦਕੋਟ ਵੱਲੋਂ ਐੱਸ ਐੱਨ ਪੀ ਫੀਡ ਦੀ ਕੁਆਲਟੀ ਚੈੱਕ ਕਰਨ ਸਬੰਧੀ ਫਰੀਦਕੋਟ ਦੇ ਵੱਖ ਵੱਖ ਆਂਗਣਵਾੜੀ ਸੈਂਟਰਾਂ, ਬਾਜ਼ੀਗਰ ਬਸਤੀ, ਬਲਬੀਰ ਬਸਤੀ, ਸੰਜੇ ਨਗਰ, ਗੋਬਿੰਦ ਨਗਰ, ਦਿਹਾਤੀ ਫਰੀਦਕੋਟ, ਆਂਗਣਵਾੜੀ ਸੈਂਟਰ ਪੱਕਾ ਨੰਬਰ 02, ਆਂਗਣਵਾੜੀ ਸੈਂਟਰ ਕਲੇਰ, ਆਂਗਣਵਾੜੀ ਸੈਂਟਰ ਗੋਲੇਵਾਲਾ ਆਦਿ ਦਾ ਦੌਰਾ ਕੀਤਾ ਗਿਆ।ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪ੍ਰੋਗਰਾਮ ਅਫਸਰ ਨੇ ਦੱਸਿਆ ਕਿ ਇਸ ਸਬੰਧੀ ਬੀਤੇ ਦਿਨ ਪਿੰਡ ਕੰਮੇਆਣਾ ਵਿਖੇ ਆਂਗਣਵਾੜੀ ਵਰਕਰਾਂ ਨਾਲ ਇਕ ਮੀਟਿੰਗ ਕੀਤੀ ਗਈ ਸੀ, ਜਿਸ ਦੌਰਾਨ ਐੱਸ ਐੱਨ ਪੀ ਵਸਤਾਂ ਨੂੰ ਪਕਾਉਣ ਬਾਰੇ ਵਿਚਾਰ ਚਰਚਾ ਕੀਤੀ ਗਈ ਸੀ।ਉਨ੍ਹਾ ਦੱਸਿਆ ਕਿ ਆਂਗਣਵਾੜੀ ਸੈਟਰਾਂ ਦੇ ਦੌਰੇ ਦੌਰਾਨ ਮਿੱਠਾ ਦਲੀਆ, ਨਮਕੀਨ ਦਲੀਆ ਤੇ ਪ੍ਰੀਮਿਕਸ ਖਿੱਚੜੀ ਨੂੰ ਮੌਕੇ 'ਤੇ ਪਕਵਾ ਕੇ ਲਾਭਪਾਤਰੀਆਂ ਨੂੰ ਵੰਡਿਆ ਗਿਆ ਤੇ ਇਸ ਦੀ ਕੁਆਲਿਟੀ ਸਬੰਧੀ ਵਿਚਾਰ ਚਰਚਾ ਕੀਤੀ ਗਈ।ਇਸ ਮੌਕੇ ਲਾਭਪਾਤਰੀਆਂ ਵੱਲੋਂ ਐੱਸ ਐੱਨ ਪੀ ਫੀਡ ਦੀ ਕੁਆਲਟੀ ਸਬੰਧੀ ਸੰਤੁਸ਼ਟੀ ਪ੍ਰਗਟ ਕੀਤੀ ਗਈ।ਇਸ ਮੌਕੇ ਸਬੰਧਿਤ ਆਂਗਣਵਾੜੀ ਸੈਂਟਰਾਂ ਦੇ ਸਰਕਲ ਸੁਪਰਵਾਈਜ਼ਰ, ਆਂਗਣਵਾੜੀ ਵਰਕਰ, ਆਂਗਣਵਾੜੀ ਹੈਲਪਰ, ਐੱਸ ਐੱਨ ਪੀ ਲਾਭਪਾਤਰੀ ਤੇ ਪਿੰਡ ਵਾਸੀ ਹਾਜ਼ਰ ਸਨ।

ਛੁੱਟੀ ਆਏ ਫੌਜੀ ਜਵਾਨ ਦੀ ਦਿਲ ਦਾ ਦੌਰਾ ਪੈਣ ਨਾਲ ਮੌਤ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਡੇਰਾ ਬਾਬਾ ਨਾਨਕ ਦੇ ਨਜ਼ਦੀਕੀ ਪਿੰਡ ਮੂਲੋਵਾਲੀ ਤੋਂ ਬਹੁਤ ਹੀ ਮੰਦਭਾਗੀ ਖਬਰ ਸਾਹਮਣੇ ਆਈ ਹੈ,ਜਿੱਥੇ ਕਿ ਇੱਕ 26 ਸਾਲਾ ਫੌਜੀ ਨੌਜਵਾਨ ਸੁਖਪ੍ਰੀਤ ਸਿੰਘ ਦੀ ਦਿਲ ਦਾ ਦੌਰਾ ਪੈਣ ਨਾਲ ਮੌਤ ਹੋਣ ਤੇ ਮਾਪਿਆਂ 'ਤੇ ਦੁੱਖਾਂ ਦਾ ਪਹਾੜ ਟੁੱਟਿਆ ਹੋਇਆ। ਪੂਰੇ ਇਲਾਕੇ ਵਿੱਚ ਸੋਗ ਦੀ ਲਹਿਰ ਪਾਈ ਜਾ ਰਹੀ ਹੈ।ਇਸ ਮੌਕੇ ਜਾਣਕਾਰੀ ਦਿੰਦੇ ਫੌਜ ਦੀ ਅਧਿਕਾਰੀਆਂ ਅਤੇ ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਲਾਂਸ ਨਾਇਕ ਉਪਰੇਟਰ ਸੁਖਪ੍ਰੀਤ ਸਿੰਘ ਪੁੱਤਰ ਬਲਜੀਤ ਸਿੰਘ 581 ਲਾਈਟ ਰੈਜੀਮੈਂਟ ਚੜ੍ਹਦੀ ਕਲਾ ਮਿੱਸਾ ਮਾਰੀ ਕੈਂਟ ਆਸਾਮ ਦੇ ਗਲੇਸ਼ੀਅਰ ਤੇ ਆਪਣੀ ਡਿਊਟੀ ਬਾਖੂਬੀ ਨਿਭਾ ਰਹੇ ਸਨ ਤੇ ਇਹ ਨੌਜਵਾਨ ਗਲੇਸ਼ੀਅਰ ਤੋਂ ਵਾਪਸ ਪਰਤ ਕੇ ਬੀਤੀ 19 ਜੁਲਾਈ ਨੂੰ ਆਪਣੇ ਘਰ ਛੁੱਟੀ 'ਤੇ ਆਏ ਸਨ। ਦੋ ਦਿਨ ਪਹਿਲਾਂ ਅਚਾਨਕ ਤਬੀਅਤ ਵਿਗੜੀ ਤਾਂ ਇਨ੍ਹਾਂ ਨੂੰ ਡੇਰਾ ਬਾਬਾ ਨਾਨਕ ਦੇ ਸਿਵਿਲ ਹਸਪਤਾਲ ਲਿਜਾਇਆ ਗਿਆ ਜਿੱਥੇ ਕਿ ਡਾਕਟਰਾਂ ਨੇ ਉਸ ਨੂੰ ਆਰਮੀ ਹਾਸਪਿਟਲ ਅੰਮ੍ਰਿਤਸਰ ਰੈਫਰ ਕਰ ਦਿੱਤਾ ।ਪਰਿਵਾਰਕ ਮੈਂਬਰਾਂ ਨੇ ਦੱਸਿਆ ਕਿ ਆਰਮੀ ਹਸਪਤਾਲ ਦੇ ਡਾਕਟਰਾਂ ਵੱਲੋਂ ਉਸ ਦਾ ਚੈੱਕਅਪ ਕੀਤਾ ਗਿਆ ਜਿੱਥੇ ਕਿ ਉਸ ਨੂੰ ਮ੍ਰਿਤਕ ਐਲਾਨ ਦਿੱਤਾ।ਉਸ ਦੇ ਜੱਦੀ ਪਿੰਡ ਮੂਲੋਵਾਲੀ 'ਚ ਸਰਕਾਰੀ ਸਨਮਾਨਾਂ ਨਾਲ ਅੰਤਿਮ ਸੰਸਕਾਰ ਕੀਤਾ ਗਿਆ।ਇਸ ਮੌਕੇ ਤਿੱਬੜੀ ਕੈਂਟ ਤੋਂ ਪਹੁੰਚੀ ਫੌਜ ਦੀ ਟੁਕੜੀ ਵੱਲੋਂ ਸੁਖਪ੍ਰੀਤ ਸਿੰਘ ਨੂੰ ਸਲਾਮੀ ਦਿੱਤੀ ਗਈ ਤੇ ਉਸਦੇ ਪਿਤਾ ਨੂੰ ਤਿਰੰਗਾ ਝੰਡਾ ਭੇਟ ਕੀਤਾ ਗਿਆ।ਫੌਜੀ ਨੌਜਵਾਨ ਆਪਣੇ ਪਿੱਛੇ ਇੱਕ ਛੇ ਮਹੀਨੇ ਦਾ ਬੇਟਾ, ਪਤਨੀ, ਬਜ਼ੁਰਗ ਮਾਤਾ ਅਤੇ ਛੋਟੇ ਭੈਣ ਭਰਾ ਨੂੰ ਛੱਡ ਗਿਆ ਹੈ।ਇਸ ਮੌਕੇ ਸੂਬੇਦਾਰ ਅਮਨਦੀਪ ਸਿੰਘ, ਨੈਬ ਸੂਬੇਦਾਰ ਨਿਰਮਲ ਸਿੰਘ, ਹੀਰਾ ਸਿੰਘ, ਬਲਜਿੰਦਰ ਸਿੰਘ, ਹੌਲਦਾਰ ਰਵਿੰਦਰ ਸਿੰਘ, ਨਿਸ਼ਾਨ ਸਿੰਘ, ਕੁਲਵੰਤ ਸਿੰਘ, ਜਸਵਿੰਦਰ ਸਿੰਘ, ਭਗਵੰਤ ਸਿੰਘ, ਨਿਰਮਲ ਸਿੰਘ ਕਾਹਲੋਂ ਨਿਕੋਸਰਾ, ਚੰਨਣ ਸਿੰਘ ਖਾਲਸਾ, ਸਿਮਰਜੋਤ ਸਿੰਘ, ਗੁਰਦੀਪ ਸਿੰਘ, ਡਾਕਟਰ ਸੁਖਦੀਪ ਸਿੰਘ, ਲਵਪ੍ਰੀਤ ਸਿੰਘ, ਦਿਲਬਾਗ ਸਿੰਘ, ਰਤਨ ਸਿੰਘ, ਚਰਨਜੀਤ ਸਿੰਘ, ਪਰਮਜੀਤ ਸਿੰਘ, ਦਰਬਾਰਾ ਸਿੰਘ, ਸੁਖਮਨਪ੍ਰੀਤ ਸਿੰਘ, ਮਨਜੀਤ ਸਿੰਘ, ਰਮਨਦੀਪ ਸਿੰਘ, ਗੁਰਪ੍ਰੀਤ ਸਿੰਘ, ਸਤਨਾਮ ਸਿੰਘ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸਾਕ ਸਬੰਧੀਆਂ ਅਤੇ ਪਿੰਡ ਵਾਸੀਆਂ ਨੇ ਇਸ ਅੰਤਿਮ ਸੰਸਕਾਰ ਮੌਕੇ ਹਾਜ਼ਰੀ ਭਰੀ।

ਅਮਰੀਕਾ ਭੇਜਣ ਦੇ ਨਾਂਅ 'ਤੇ 25 ਲੱਖ ਦੀ ਮਾਰੀ ਠੱਗੀ, ਮਾਮਲਾ ਦਰਜ

**ਮਾਛੀਵਾੜਾ ਸਾਹਿਬ (ਜਗਦੀਸ਼ ਰਾਏ, ਸ਼

28-July-PAGE-3.qxd 7/27/2024 10:50 PM Page 1

ਕਾਰਗਿਲ ਵਿਜੈ ਦਿਵਸ ਦੀ 25ਵੀਂ ਵਰ੍ਹੇਗੰਢ ਮੌਕੇ ਜ਼ੋਨਲ ਪੱਧਰੀ ਸ਼ਰਧਾਂਜਲੀ ਸਮਾਗਮ

ਕੈਬਨਿਟ ਮੰਤਰੀ ਕਟਾਰੂਚੱਕ ਵੱਲੋਂ ਕਾਰਗਿਲ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ

ਗੁਰਦਾਸਪੁਰ (ਜਨਕ ਮਹਾਜਨ)-ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਅੱਜ ਗੁਰਦਾਸਪੁਰ ਵਿਖੇ ਓਪਰੇਸ਼ਨ ਵਿਜੈ (ਕਾਰਗਿਲ ਯੁੱਧ) ਦੀ 25 ਵੀਂ ਵਰ੍ਹੇਗੰਢ ਪੂਰੀ ਸ਼ਰਧਾ-ਭਾਵਨਾ ਨਾਲ ਮਨਾਈ ਗਈ।ਜ਼ਿਲ੍ਹਾ ਸੈਨਿਕ ਭਲਾਈ ਦਫ਼ਤਰ ਗੁਰਦਾਸਪੁਰ ਵਿਖੇ ਜ਼ੋਨਲ ਪੱਧਰ ਤੇ ਮਨਾਏ ਗਏ ਕਾਰਗਿਲ ਵਿਜੈ ਦਿਵਸ ਮੌਕੇ ਪੰਜਾਬ ਦੇ ਕੈਬਨਿਟ ਮੰਤਰੀ ਸ੍ਰੀ ਲਾਲ ਚੰਦ ਕਟਾਰੂ ਚੱਕ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ ਅਤੇ ਉਨ੍ਹਾਂ ਨੇ ਕਾਰਗਿਲ ਦੇ ਮਹਾਨ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਸਮਾਗਮ ਵਿੱਚ ਜ਼ਿਲ੍ਹਾ ਗੁਰਦਾਸਪੁਰ, ਅੰਮ੍ਰਿਤਸਰ, ਤਰਨਤਾਰਨ ਅਤੇ ਪਠਾਨਕੋਟ ਦੇ ਕਾਰਗਿਲ ਯੋਧਿਆਂ ਦੀਆਂ ਵੀਰ ਨਾਰੀਆਂ, ਕਾਰਗਿਲ ਓਪਰੇਸ਼ਨ ਦੇ ਨਕਾਰਾ ਸੈਨਿਕਾਂ ਅਤੇ ਬਹਾਦਰੀ ਐਵਾਰਡ ਵਿਜੇਤਾਵਾਂ ਅਤੇ ਹੋਰ ਸਾਬਕਾ ਸੈਨਿਕਾਂ ਨੇ ਵੀ ਸ਼ਮੂਲੀਅਤ ਕੀਤੀ।ਇਸ ਮੌਕੇ ਕਟਾਰੂਚੱਕ ਨੇ ਕਿਹਾ ਕਿ ਸ਼ਹੀਦ ਦੇਸ਼-ਕੌਮ ਦਾ ਸਰਮਾਇਆ ਹੁੰਦੇ ਹਨ ਅਤੇ ਪੰਜਾਬ ਸਰਕਾਰ ਸ਼ਹੀਦਾਂ ਅਤੇ ਸਾਬਕਾ ਸੈਨਿਕਾਂ ਦੇ ਪਰਿਵਾਰਾਂ ਦੀ ਭਲਾਈ ਅਤੇ ਮੁੜ ਵਸੇਬੇ ਲਈ ਪੂਰੀ ਤਰ੍ਹਾਂ ਵਚਨਬੱਧ ਹੈ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸਾਰੇ ਸਰਕਾਰੀ ਦਫ਼ਤਰਾਂ ਵਿੱਚ ਵੀ ਇਹ ਆਦੇਸ਼ ਦਿੱਤੇ ਗਏ ਹਨ ਕਿ ਉਹ ਸ਼ਹੀਦਾਂ ਦੇ ਪਰਿਵਾਰਾਂ ਨੂੰ ਦਫ਼ਤਰਾਂ ਵਿੱਚ ਵਿਸ਼ੇਸ਼ ਸਤਿਕਾਰ ਅਤੇ ਪਹਿਲ ਦੇਣ।ਮੁੱਖ ਮਹਿਮਾਨ ਕਟਾਰੂਚੱਕ ਅਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਗੁਰਦਾਸਪੁਰ, ਅੰਮ੍ਰਿਤਸਰ, ਤਰਨਤਾਰਨ ਅਤੇ ਪਠਾਨਕੋਟ ਜ਼ਿਲ੍ਹਿਆਂ ਦੇ ਕਾਰਗਿਲ ਯੋਧਿਆਂ ਦੀਆਂ ਵੀਰ ਨਾਰੀਆਂ, ਕਾਰਗਿਲ ਓਪਰੇਸ਼ਨ ਦੇ ਨਕਾਰਾ ਸੈਨਿਕਾਂ ਅਤੇ ਗੈਲੰਟਰੀ ਐਵਾਰਡ ਵਿਜੇਤਾਵਾਂ ਨੂੰ ਕੇਸ ਐਵਾਰਡ ਅਤੇ ਯਾਦਗਾਰ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ।ਇਸ ਮੌਕੇ ਗਰੁੱਪ ਕੈਪਟਨ ਦਵਿੰਦਰ ਸਿੰਘ ਢਿੱਲੋਂ (ਰਿਟਾ.) ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫ਼ਸਰ ਨੇ ਸਮਾਰੋਹ ਵਿੱਚ ਆਏ ਹੋਏ ਮੁੱਖ ਮਹਿਮਾਨ, ਮਹਿਮਾਨਾਂ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ, ਸਾਬਕਾ ਸੈਨਿਕ ਅਧਿਕਾਰੀਆਂ, ਕਾਰਗਿਲ ਦੇ ਸ਼ਹੀਦ ਯੋਧਿਆਂ ਦੀਆਂ ਵੀਰ ਨਾਰੀਆਂ, ਲੜਾਈ ਦੌਰਾਨ ਸ਼ਹੀਦ ਸੈਨਿਕਾਂ, ਗੈਲੰਟਰੀ ਐਵਾਰਡੀ, ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦਾ ਧੰਨਵਾਦ ਕੀਤਾ।ਸਮਾਗਮ ਵਿੱਚ ਲੈਫ. ਜਨਰਲ ਕੇ. ਜੇ. ਸਿੰਘ ਭਾਗੋਵਾਲ (ਰਿਟਾ), ਵਧੀਕ ਡਿਪਟੀ ਕਮਿਸ਼ਨਰ (ਜ) ਸੁਭਾਸ਼ ਚੰਦਰ, ਜ਼ਿਲ੍ਹਾ ਸ਼ਹਿਰੀ ਪ੍ਰਧਾਨ ਸ਼ਮਸ਼ੇਰ ਸਿੰਘ, ਕਰਨਲ ਰਮਨ ਕੁਮਾਰ (ਰਿਟਾ), ਵਾਈਸ ਪ੍ਰਧਾਨ ਜ਼ਿਲ੍ਹਾ ਸੈਨਿਕ ਬੋਰਡ ਗੁਰਦਾਸਪੁਰ, ਕਰਨਲ ਅਮਰਜੀਤ ਸਿੰਘ ਭੁੱਲਰ (ਰਿਟਾ) ਸਾਬਕਾ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫ਼ਸਰ ਗੁਰਦਾਸਪੁਰ ਨੇ ਵੀ ਕਾਰਗਿਲ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ।

ਕੇਂਦਰ, ਹਰਿਆਣਾ ਤੇ ਪੰਜਾਬ ਸਰਕਾਰ ਦੇ ਪਹਿਲੀ ਅਗਸਤ ਨੂੰ ਫੁਕੇ ਜਾਣਗੇ ਪੁਤਲੇ : ਸਿੱਧਵਾਂ, ਸ਼ਕਰੀ

ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਜ਼ਿਲ੍ਹਾ ਤਰਨ ਤਾਰਨ ਵੱਲੋਂ ਮੋਟਰਸਾਈਕਲਾਂ 'ਤੇ ਰੋਸ ਮਾਰਚ ਕਰਕੇ ਕੇਂਦਰ, ਹਰਿਆਣਾ ਅਤੇ ਪੰਜਾਬ ਸਰਕਾਰ ਦੇ ਜ਼ਿਲ੍ਹਾ ਹੈੱਡਕੁਆਰਟਰਾਂ ਅੱਗੇ 1 ਅਗਸਤ ਨੂੰ ਪੁਤਲੇ ਫੂਕੇ ਜਾਣਗੇ ।ਸੂਬਾ ਆਗੂ ਹਰਪ੍ਰੀਤ ਸਿੰਘ ਸਿੱਧਵਾਂ ਅਤੇ ਸੂਬਾ ਆਗੂ ਤੇ ਜ਼ਿਲ੍ਹਾ ਸਕੱਤਰ ਹਰਜਿੰਦਰ ਸਿੰਘ ਸ਼ਕਰੀ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਲੰਮੇ ਸਮੇਂ ਤੋਂ ਸਰਕਾਰ ਦੀਆਂ ਬਰੂਹਾਂ 'ਤੇ ਬੈਠੇ ਕਿਸਾਨਾਂ ਦੀਆਂ ਸਰਕਾਰ ਵੱਲੋਂ ਮੰਨੀਆਂ ਹੋਈਆਂ ਮੰਗਾਂ ਨੂੰ ਅਣਗੌਲਿਆਂ ਕੀਤਾ ਜਾ ਰਿਹਾ ਹੈ। ਜਿਹੜੇ ਕਿਸਾਨ ਸਾਰੇ ਦੇਸ਼ ਦਾ ਢਿੱਡ ਭਰਦੇ ਹਨ ਉਨ੍ਹਾਂ ਦਾ ਮਜ਼ਾਕ ਬਣਾਇਆ ਜਾ ਰਿਹਾ।ਕਿਸਾਨ ਆਗੂ ਜਰਨੈਲ ਸਿੰਘ ਨੂਰਦੀ ਅਤੇ ਫਤਿਹ ਸਿੰਘ ਪਿੱਦੀ ਨੇ ਕਿਹਾ ਕਿ ਆਪਣੀਆਂ ਹੱਕੀ ਮੰਗਾਂ ਨੂੰ ਮਨਾਉਣ ਲਈ ਆਪਣੇ ਦੇਸ਼ ਦੀ ਰਾਜਧਾਨੀ ਦਿੱਲੀ ਨੂੰ ਜਾਂਦੇ ਹੋਏ ਕਿਸਾਨਾਂ ਤੇ ਅੱਥਰੂ ਗੈਸ ਦੇ ਗੋਲੇ ਤੇ ਪੱਕੀਆਂ ਗੋਲੀਆਂ ਨਾਲ ਜਿਹੜੇ ਅਫਸਰਾਂ ਨੇ ਕਿਸਾਨਾਂ 'ਤੇ ਅੱਤਿਆਚਾਰ ਕੀਤਾ ਅਤੇ ਸ਼ੁਭਕਰਨ ਨੂੰ ਸ਼ਹੀਦ ਕੀਤਾ, ਉਨ੍ਹਾਂ ਅਫਸਰਾਂ ਨੂੰ ਸਰਕਾਰ ਵੱਲੋਂ ਰਾਸ਼ਟਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਜੋ ਨਿਖੇਧੀਯੋਗ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਚਿੱਪ ਵਾਲੇ ਮੀਟਰ ਪਿੰਡਾਂ ਵਿੱਚ ਨਹੀਂ ਲੱਗਣ ਦੇਵਾਂਗੇ।ਸਰਕਾਰ ਕਾਰਪੋਰੇਟ ਘਰਾਣਿਆਂ ਦੇ ਹੱਕ ਵਿੱਚ ਭੁਗਤ ਰਹੀ ਹੈ ਅਤੇ ਆਮ ਲੋਕਾਂ 'ਤੇ ਹੋਰ ਬੋਝ ਵਧ ਰਿਹਾ ਹੈ।ਇਹ ਵੀ ਜਗ ਜ਼ਾਹਰ ਹੈ ਕਿ ਭਾਜਪਾ ਸਰਕਾਰ ਦੇ ਕਹਿਣ 'ਤੇ ਹਰਿਆਣਾ ਸਰਕਾਰ ਵੱਲੋਂ ਵੱਡੇ-ਵੱਡੇ ਬੈਰੀਕੇਡ ਕਰਕੇ ਕਿਸਾਨ ਨੂੰ ਦਿੱਲੀ ਆਉਣ ਤੋਂ ਰੋਕਿਆ ਹੋਇਆ ਹੈ।ਕਿਸਾਨ ਆਗੂਆਂ ਮੰਗ ਕੀਤੀ ਕਿ ਸਰਕਾਰ ਮੰਨੀਆਂ ਮੰਗਾਂ ਪੂਰੀਆਂ ਕਰੇ, ਸ਼ੁਭਕਰਨ ਦੇ ਕਾਤਲਾਂ ਨੂੰ ਸਜ਼ਾਵਾਂ ਦਿੱਤੀਆਂ ਜਾਣ, ਲਖੀਮਪੁਰ ਖੀਰੀ ਕਾਂਡ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਜਾਣ ਅਤੇ ਪਹਿਲੇ ਦਿੱਲੀ ਅੰਦੋਲਨ ਵਿੱਚ ਕਿਸਾਨਾਂ 'ਤੇ ਹੋਏ ਪਰਚੇ ਰੱਦ ਕੀਤੇ ਜਾਣ।

ਕਾਮਰੇਡ ਸ਼ਿੰਦਾ ਛਿੱਬ ਦੀ ਅੰਤਿਮ ਅਰਦਾਸ ਮੌਕੇ ਭਾਵ-ਭਿੰਨੀ ਸ਼ਰਧਾਂਜਲੀ

ਬਟਾਲਾ (ਤਰਲੋਕ ਬੱਗਾ)-ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ ਤਹਿਸੀਲ ਕਮੇਟੀ ਬਟਾਲਾ ਦੇ ਸੀਨੀਅਰ ਆਗੂ ਕਾਮਰੇਡ ਅਤੇ ਦਿਹਾਤੀ ਮਜ਼ਦੂਰ ਸਭਾ ਦੇ ਤਹਿਸੀਲ ਪ੍ਰਧਾਨ ਕਾਮਰੇਡ ਸ਼ਿੰਦਾ ਛਿੱਬ ਜੋ ਕੁਝ ਦਿਨਾਂ ਪਹਿਲਾਂ ਸਦੀਵੀ ਵਿਛੋੜਾ ਦੇ ਗਏ ਹਨ, ਦੀ ਅੰਤਿਮ ਪ੍ਰਾਰਥਨਾ ਵਿੱਚ ਪਾਰਟੀ ਦੇ ਕੇਂਦਰੀ ਕਮੇਟੀ ਮੈਂਬਰ ਕਾਮਰੇਡ ਰਘਬੀਰ ਸਿੰਘ ਪਕੀਵਾਂ, ਦਿਹਾਤੀ ਮਜ਼ਦੂਰ ਸਭਾ ਦੇ ਸੂਬਾ ਜਨਰਲ ਸਕੱਤਰ ਸਾਥੀ ਗੁਰਨਾਮ ਸਿੰਘ ਦਾਊਦ, ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਸਾਥੀ ਸ਼ਿਵ ਕੁਮਾਰ ਪਠਾਨਕੋਟ, ਸੂਬਾ ਕਮੇਟੀ ਮੈਂਬਰ ਸ਼ਮਸ਼ੇਰ ਸਿੰਘ ਨਵਾਂ ਪਿੰਡ , ਤਹਿਸੀਲ ਸਕੱਤਰ ਸੰਤੋਖ ਸਿੰਘ ਔਲਖ ਨੇ ਸਾਥੀ ਦੇ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਅਤੇ ਕਿਹਾ ਕਿ ਸਾਥੀ ਸ਼ਿੰਦਾ ਛਿੱਬ ਨੇ ਤਾਉਮਰ ਕਮਿਊਨਿਸਟ ਲਹਿਰ ਦੇ ਲੇਖੇ ਲਾਈ ਅਤੇ ਆਪਣੇ ਪਿੰਡ ਛਿੱਬ ਦੇ ਗਰੀਬ ਲੋਕਾਂ ਦੀ ਕਿਸੇ ਵੀ ਅੰਦੋਲਨ ਦੀ ਅਗਵਾਈ ਬੜੀ ਬਹਾਦਰੀ ਨਾਲ ਕੀਤੀ ਤੇ ਜਿੱਤਾਂ ਪ੍ਰਾਪਤ ਕੀਤੀਆਂ ਅਤੇ ਸਾਥੀ ਸ਼ਿੰਦਾ ਛਿੱਬ ਨੇ ਪਾਰਟੀ ਅਤੇ ਜਨ ਸੰਗਠਨਾਂ ਦੇ ਸੰਘਰਸ਼ ਵਿੱਚ ਮਿਸਾਲੀ ਯੋਗਦਾਨ ਪਾਇਆ ਹੈ। ਸਾਥੀ ਸ਼ਿੰਦਾ ਛਿੱਬ ਦੇ ਵਿਛੋੜੇ ਨਾਲ ਆਰਐੱਮਪੀਆਈ ਤੇ ਪਰਿਵਾਰ ਨੂੰ ਕਦੀ ਵੀ ਪੂਰਾ ਨਾ ਹੋਣ ਵਾਲਾ ਘਾਟਾ ਪਿਆ ਹੈ।ਇਸ ਮੌਕੇ ਪਾਰਟੀ ਦੇ ਸੀਨੀਅਰ ਆਗੂ ਸਾਥੀ ਅਜੀਤ ਰਾਮ ਗੰਦਲਾਂ ਲਾਹੜੀ, ਗੁਲਜ਼ਾਰ ਸਿੰਘ ਔਲਖ, ਗੁਰਨਾਮ ਸਿੰਘ ਬਾਉਲੀ ਇੰਦਰਜੀਤ, ਨਿਸ਼ਾਨ ਮਸੀਹ ਉਧੋਵਾਲ, ਰਣਜੀਤ ਸਿੰਘ ਫੌਜੀ ਛਿੱਬ, ਬਲਕਾਰ ਸਿੰਘ ਛਿੱਬ, ਤਰਲੋਕ ਸਿੰਘ, ਗੁਰਮੇਜ ਸਿੰਘ, ਵਿਜੇ ਦਾਊਦ, ਹਰਪਾਲ ਸਿੰਘ ਛਿੱਬ, ਜਸਵਿੰਦਰ ਜੱਸਾ ਆਦਿ ਹਾਜ਼ਰ ਸਨ।

ਲੋਕ-ਸਮੱਸਿਆਵਾਂ ਸੁਣਨ ਲਈ ਸਕੱਤਰੀ ਬਾਗ ਵਿਖੇ ਲੱਗਾ ਸਪੈਸ਼ਲ ਕੈਂਪ

ਅੰਮ੍ਰਿਤਸਰ (ਨਰਿੰਦਰਜੀਤ ਸਿੰਘ)—ਡਿਪਟੀ ਕਮਿਸ਼ਨਰ ਘਨਸ਼ਾਮ ਥੋਰੀ ਦੀ ਅਗਵਾਈ ਹੇਠ 'ਆਪ ਦੀ ਸਰਕਾਰ ਆਪ ਦੇ ਦੁਆਰ' ਤਹਿਤ ਵੱਖ-ਵੱਖ ਸਥਾਨਾਂ 'ਤੇ ਆਮ ਲੋਕਾਂ ਦੀ ਸਹੂਲਤ ਲਈ ਸਪੈਸ਼ਲ ਕੈਂਪ ਲਗਾਏ ਜਾ ਰਹੇ ਹਨ।ਸਕੱਤਰੀ ਬਾਗ ਵਿਖੇ ਵੀ ਵਿਸ਼ੇਸ਼ ਕੈਂਪ ਲਗਾਇਆ ਗਿਆ ਜਿਥੇ ਆਮ ਲੋਕਾਂ ਦੀਆਂ ਨਿੱਜੀ ਤੇ ਸਾਂਝੀਆਂ ਸਮੱਸਿਆਵਾਂ ਸੁਣੀਆਂ ਅਤੇ ਹੱਲ ਕੀਤੀਆਂ ਗਈਆਂ।ਇਸ ਮੌਕੇ ਹਲਕਾ ਵਿਧਾਇਕ ਡਾ. ਇੰਦਰਬੀਰ ਸਿੰਘ ਨਿੱਝਰ ਨੇ ਕਿਹਾ ਕਿ ਆਮ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਲਗਾਏ ਜਾ ਰਹੇ ਸਪੈਸ਼ਲ ਕੈਂਪ ਲਾਹੇਵੰਦ ਸਾਬਿਤ ਹੋ ਰਹੇ ਹਨ।ਕੈਂਪ ਦੌਰਾਨ ਮਾਲ ਵਿਭਾਗ ਤੋਂ ਇਲਾਵਾ ਮਗਨਰੇਗਾਂ, ਪੈਨਸ਼ਨਾਂ, ਛੱਪੜਾਂ ਤੇ ਗਲੀਆਂ-ਨਾਲੀਆਂ ਦੇ ਪਾਣੀ ਦੀ ਨਿਕਾਸੀ, ਪੀਣ ਵਾਲੇ ਪਾਣੀ ਤੋਂ ਇਲਾਵਾ ਵਿਕਾਸ ਕਾਰਜਾਂ ਨਾਲ ਸਬੰਧਤ ਸਮੱਸਿਆਵਾਂ ਸਨ।ਇਨ੍ਹਾਂ 'ਚੋਂ ਬਹੁਤੀਆਂ ਸਮੱਸਿਆਵਾਂ ਦਾ ਨਿਪਟਾਰਾ ਮੌਕੇ 'ਤੇ ਹੀ ਕੀਤਾ ਗਿਆ ਤੇ ਰਹਿੰਦੀਆਂ ਸਮੱਸਿਆਵਾਂ ਦੇ ਹੱਲ ਲਈ ਸਬੰਧਤ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਦਿੱਤੇ ਗਏ।ਡਿਪਟੀ ਕਮਿਸ਼ਨਰ ਘਨਸ਼ਾਮ ਥੋਰੀ ਵਲੋਂ ਵੱਖ-ਵੱਖ ਵਿਭਾਗਾਂ ਵਲੋਂ ਆਪੋ-ਆਪਣੇ ਵਿਭਾਗ ਨਾਲ ਸਬੰਧਤ ਲਗਾਏ ਗਏ ਕਾਊਂਟਰਾਂ ਦਾ ਦੌਰਾ ਕਰਕੇ ਜਾਇਜ਼ਾ ਵੀ ਲਿਆ ਗਿਆ।ਉਨ੍ਹਾਂ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ/ਕਰਮਚਾਰੀਆਂ ਨੂੰ ਆਦੇਸ਼ ਦਿੰਦਿਆਂ ਕਿਹਾ ਕਿ ਹਰ ਇੱਕ ਲਾਭਪਾਤਰੀ ਨੂੰ ਸਰਕਾਰ ਅਤੇ ਸਬੰਧਤ ਵਿਭਾਗ ਵਲੋਂ ਦਿੱਤੀਆਂ ਜਾਣ ਵਾਲੀਆਂ ਸਾਰੀਆਂ ਸਹੂਲਤਾਂ ਬਾਰੇ ਜਾਣੂ ਕਰਵਾਉਣਾ ਯਕੀਨੀ ਬਣਾਇਆ ਜਾਵੇ ਤਾਂ ਜੋ ਕੋਈ ਵੀ ਲਾਭਪਾਤਰੀ ਕਿਸੇ ਵੀ ਸਹੂਲਤ ਤੋਂ ਵਾਂਝਾ ਨਾ ਰਹਿ ਸਕੇ।

ਐੱਸ. ਡੀ. ਐੱਮ. ਮਨਕੰਵਲ ਸਿੰਘ ਚਾਹਲ ਦੀ ਅਗਵਾਈ ਹੇਠ ਲਗਾਏ ਗਏ ਇਸ ਕੈਂਪ ਵਿੱਚ ਵਿਭਾਗਾਂ ਦੇ ਜ਼ਿਲ੍ਹਾ ਅਧਿਕਾਰੀਆਂ ਨੇ ਮੌਕੇ ਉਤੇ ਹਾਜ਼ਰ ਰਹਿ ਕੇ ਲੋਕਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਕੀਤਾ।ਸਿਹਤ ਵਿਭਾਗ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਵੱਲੋਂ ਡੇਂਗੂ ਅਤੇ ਮਲੇਰੀਏ ਦੀ ਰੋਕਥਾਮ ਸਬੰਧੀ ਵੀ ਆਮ ਲੋਕਾਂ ਨੂੰ ਜਾਣੂ ਕਰਵਾਇਆ ਗਿਆ।

ਖਾਲਸਾ ਕਾਲਜ ਮਹਿਤਾ ਦੇ ਬੀ. ਕਾਮ. ਚੌਥੇ ਤੇ ਛੇਵੇਂ ਸਮੈਸਟਰ ਦਾ ਨਤੀਜਾ ਸ਼ਾਨਦਾਰ

ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਸੰਤ ਗਿਆਨੀ ਗੁਰਬਚਨ ਸਿੰਘ ਖਾਲਸਾ ਕਾਲਜ ਮਹਿਤਾ ਚੌਕ ਦੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਸ੍ਰੀ ਅੰਮ੍ਰਿਤਸਰ ਵੱਲੋਂ ਐਲਾਨੇ ਗਏ ਬੀ. ਕਾਮ. ਛੇਵੇਂ ਅਤੇ ਚੌਥੇ ਸਮੈਸਟਰ ਦੇ ਨਤੀਜੇ 100% ਰਹੇ ਜਿਸ ਵਿੱਚ ਬੀ. ਕਾਮ. ਛੇਵੇਂ ਸਮੈਸਟਰ ਦੀ ਮਹਿਕਪ੍ਰੀਤ ਕੌਰ 76%, ਗੁਰਜੀਤ ਕੌਰ 75%, ਅੰਮ੍ਰਿਤਬੀਰ ਕੌਰ ਅਤੇ ਰਮਨਦੀਪ ਕੌਰ ਨੇ 73% ਅੰਕ ਪ੍ਰਾਪਤ ਕਰਕੇ ਕ੍ਰਮਵਾਰ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ। ਇਸੇ ਤਰ੍ਹਾਂ ਬੀ. ਕਾਮ. ਚੌਥੇ ਸਮੈਸਟਰ ਦੀ ਕਿਰਨਪ੍ਰੀਤ ਕੌਰ ਨੇ 76% ਅਤੇ ਪ੍ਰਭਦੀਪ ਕੌਰ ਨੇ 74 % ਫੀਸਦੀ ਅੰਕ ਹਾਸਿਲ ਕਰਕੇ ਆਪਣੇ ਮਾਪਿਆਂ ਅਤੇ ਕਾਲਜ ਦਾ ਮਾਣ ਵਧਾਇਆ।ਇਸ ਮੌਕੇ ਖੁਸ਼ੀ ਜ਼ਾਹਿਰ ਕਰਦੇ ਹੋਏ ਪ੍ਰਿੰ. ਗੁਰਦੀਪ ਸਿੰਘ ਜਲਾਲ ਉਸਮਾ ਨੇ ਵਿਦਿਆਰਥੀਆਂ ਦਾ ਮੂੰਹ ਮਿੱਠਾ ਕਰਵਾਇਆ ਅਤੇ ਸਾਰੇ ਵਿਦਿਆਰਥੀਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਤੇ ਨਾਲ ਹੀ ਭਵਿੱਖ ਵਿੱਚ ਹੋਰ ਕਾਮਯਾਬ ਹੋਣ ਲਈ ਪ੍ਰੇਰਿਤ ਕੀਤਾ ।ਉਨ੍ਹਾਂ ਨੇ ਆਪਣੇ ਕਾਲਜ ਦੇ ਮਿਹਨਤੀ ਅਤੇ ਕਾਬਲ ਅਧਿਆਪਕਾਂ ਦਾ ਧੰਨਵਾਦ ਵੀ ਕੀਤਾ।

ਸਰਪੰਚ ਬਲਵਿੰਦਰਪਾਲ ਨੇ ਲਗਵਾਈ ਸ਼ਮਸ਼ਾਨਘਾਟ 'ਚ ਸਬਮਰਸੀਵਲ ਮੋਟਰ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਪਿੰਡ ਫੱਜੂਪੁਰ ਦੇ ਸਰਪੰਚ ਬਲਵਿੰਦਰਪਾਲ ਟਾਕ ਨੇ ਆਪਣੀ ਨੇਕ ਕਮਾਈ ਵਿੱਚੋਂ ਪਿੰਡ ਦੇ ਸ਼ਮਸ਼ਾਨਘਾਟ ਸ਼ਿਵਪੁਰੀ ਵਿੱਚ ਨਵੀਂ ਸਬਮਰਸੀਵਲ ਮੋਟਰ ਲਗਾਉਣ ਦੀ ਸੇਵਾ ਕੀਤੀ। ਇਸ ਮੌਕੇ ਸਰਪੰਚ ਬਲਵਿੰਦਰ ਪਾਲ ਟਾਕ ਨੇ ਦੱਸਿਆ ਕਿ ਸ਼ਮਸ਼ਾਨਘਾਟ ਸ਼ਿਵਪੁਰੀ ਵਿੱਚ ਪਹਿਲੀ ਲਗਾਈ ਮੋਟਰ ਖਰਾਬ ਹੋਣ ਕਾਰਨ ਗਰਮੀ ਦੇ ਮੌਸਮ ਵਿੱਚ ਲੋਕਾਂ ਨੂੰ ਪਾਣੀ ਦੀ ਜ਼ਰੂਰਤ ਪੈਣ 'ਤੇ ਭਾਰੀ ਮੁਸ਼ਕਲ ਆ ਰਹੀ ਸੀ। ਇਸ ਮੁਸ਼ਕਲ ਨੂੰ ਦੇਖਦੇ ਹੋਏ ਉਨ੍ਹਾਂ ਨੇ ਨਿੱਜੀ ਤੌਰ 'ਤੇ ਆਪਣੀ ਜੇਬ ਵਿੱਚੋਂ ਪੈਸੇ ਖਰਚ ਕਰਕੇ ਸ਼ਮਸ਼ਾਨਘਾਟ ਵਿੱਚ ਮਾਨਵਤਾ ਦੇ ਭਲੇ ਲਈ ਨਵੀਂ ਸਬਮਰਸੀਵਲ ਮੋਟਰ ਲਗਾਉਣ ਦੀ ਸੇਵਾ ਕੀਤੀ ਹੈ। ਉਨ੍ਹਾਂ ਕਿਹਾ ਨੇ ਧਰਤੀ ਹੇਠਲੇ ਪਾਣੀ ਦੇ ਘੱਟ ਰਹੇ ਪੱਧਰ 'ਤੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਪਾਣੀ ਲੋੜ ਅਨੁਸਾਰ ਵਰਤਣਾ ਚਾਹੀਦਾ ਅਤੇ ਵਾਤਾਵਰਨ ਦੀ ਸੰਭਾਲ ਕਰਨੀ ਚਾਹੀਦੀ ਹੈ। ਇਸ ਮੌਕੇ ਸਰਪੰਚ ਬਲਵਿੰਦਰ ਪਾਲ ਟਾਕ ਤੋਂ ਇਲਾਵਾ ਸੀਨੀਅਰ ਆਗੂ ਕੇਵਲ ਕ੍ਰਿਸ਼ਨ ਟਾਕ, ਪੰਚ ਹਰਜਿੰਦਰ ਸਿੰਘ, ਪੰਚ ਪਵਨ ਕੁਮਾਰ, ਪੰਚ ਸੁਮਨ, ਪੰਚ ਚੰਦ ਰਾਣੀ, ਪੰਚ ਪੂਜਾ ਰਾਣੀ, ਪੰਚ ਦਰਸ਼ਨਾ ਕੌਰ, ਨਰੇਸ਼ ਕੁਮਾਰ, ਚੈਂਚਲ ਸਿੰਘ ਮਹਿਰਾ, ਤਰਸੇਮ ਮਹਿਰਾ, ਪਿੰਕਾ, ਭੈਰੋਂ, ਮਨੋਜ ਕੁਮਾਰ, ਵੀਰੂ ਆਦਿ ਵੀ ਹਾਜ਼ਰ ਸਨ।

ਆਬਕਾਰੀ ਐਕਟ ਤਹਿਤ ਦੋ ਵਿਅਕਤੀਆਂ ਖ਼ਿਲਾਫ਼ ਪੁਲਸ ਕਾਰਵਾਈ ਸ਼ੁਰੂ

**ਗੁਰਦਾਸਪੁਰ, (ਜਨਕ ਮ

28-JULY-PAGE-4.qxd 7/27/2024 10:46 PM Page 1

ਸ਼ੱਕੀ ਹਾਲਤ 'ਚ 2 ਨੌਜਵਾਨਾਂ ਦੀ ਮੌਤ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਸਥਾਨਕ ਕੁਹਾੜਾ ਰੋਡ 'ਤੇ ਸਥਿਤ ਮਾਡਲ ਟਾਊਨ ਕਾਲੋਨੀ ਵਿਖੇ ਇੱਕ ਕਮਰੇ ਅੰਦਰ ਸ਼ੱਕੀ ਹਾਲਤ ਵਿੱਚ 2 ਨੌਜਵਾਨਾਂ ਦੀਆਂ ਲਾਸ਼ਾਂ ਪਈਆਂ ਮਿਲੀਆਂ, ਜਿਨ੍ਹਾਂ ਦੀ ਪਹਿਚਾਣ ਦੀਪਕ ਕੁਮਾਰ ਉਰਫ਼ ਦੀਪੂ (24) ਵਾਸੀ ਬਿਹਾਰ, ਹਾਲ ਵਾਸੀ ਗੁਰੂਗੜ੍ਹ ਤੇ ਵਿਜੈ ਕੁਮਾਰ (24) ਵਾਸੀ ਗੁਰੂਗੜ੍ਹ ਵਜੋਂ ਹੋਈ। ਪ੍ਰਾਪਤ ਜਾਣਕਾਰੀ ਅਨੁਸਾਰ ਦੀਪਕ ਕੁਮਾਰ ਤੇ ਵਿਜੈ ਕੁਮਾਰ ਦੋਵੇਂ ਹੀ ਕੁਹਾੜਾ ਰੋਡ 'ਤੇ ਸਥਿਤ ਇੱਕ ਫੈਕਟਰੀ ਵਿੱਚ ਮਕੈਨਿਕ ਵਜੋਂ ਕੰਮ ਕਰਦੇ ਸਨ। ਮ੍ਰਿਤਕ ਦੀਪੂ ਦੇ ਪਿਤਾ ਸੁਲੱਖਣ ਕੁਮਾਰ ਨੇ ਦੱਸਿਆ ਕਿ ਮ੍ਰਿਤਕਾਂ ਵਿੱਚ ਉਸ ਦਾ ਇੱਕ ਲੜਕਾ ਤੇ ਇੱਕ ਭਾਣਜਾ ਹੈ, ਜੋ ਆਪਸ ਵਿੱਚ ਰਿਸ਼ਤੇਦਾਰ ਹਨ। ਸੁਲੱਖਣ ਕੁਮਾਰ ਨੇ ਦੱਸਿਆ ਕਿ ਉਹ ਕੱਲ੍ਹ ਦੋਵੇਂ ਸ਼ਾਮ ਨੂੰ ਇਹ ਆਖ ਕੇ ਘਰੋਂ ਗਏ ਕਿ ਉਹ ਧਾਰਮਿਕ ਅਸਥਾਨ 'ਤੇ ਮੱਥਾ ਟੇਕਣ ਲਈ ਜਾ ਰਹੇ ਹਨ। ਅੱਜ ਉਨ੍ਹਾਂ ਨੂੰ ਕਿਸੇ ਨੇ ਸੂਚਨਾ ਦਿੱਤੀ ਕਿ ਇਹ ਦੋਵੇਂ ਬੇਹੋਸ਼ੀ ਦੀ ਹਾਲਤ ਵਿੱਚ ਮਾਡਲ ਟਾਊਨ ਵਿਖੇ ਇੱਕ ਕਮਰੇ ਵਿੱਚ ਪਏ ਹਨ ਅਤੇ ਜਦੋਂ ਉਨ੍ਹਾਂ ਆ ਕੇ ਦੇਖਿਆ ਤਾਂ ਦੋਵਾਂ ਦੀ ਮੌਤ ਹੋ ਚੁੱਕੀ ਸੀ। ਮ੍ਰਿਤਕ ਦੇ ਪਿਤਾ ਨੇ ਦੱਸਿਆ ਕਿ ਇਹ ਮੌਤ ਕਿਵੇਂ ਹੋਈ, ਇਸ ਬਾਰੇ ਕੋਈ ਜਾਣਕਾਰੀ ਨਹੀਂ। ਘਟਨਾ ਦੀ ਸੂਚਨਾ ਮਿਲਦੇ ਹੀ ਪੁਲਸ ਵੀ ਮੌਕੇ 'ਤੇ ਪਹੁੰਚ ਗਈ ਅਤੇ ਉਨ੍ਹਾਂ ਲਾਸ਼ਾਂ ਨੂੰ ਕਬਜ਼ੇ 'ਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ।

ਨੌਜਵਾਨਾਂ ਦੀ ਮੌਤ ਤੋਂ ਬਾਅਦ ਪਰਿਵਾਰਕ ਮੈਂਬਰਾਂ ਦਾ ਬੁਰਾ ਹਾਲ ਸੀ। ਇਨ੍ਹਾਂ 'ਚੋਂ ਮ੍ਰਿਤਕ ਦੀਪਕ ਕੁਮਾਰ ਦਾ ਵਿਆਹ ਹੋਇਆ ਸੀ, ਜਦਕਿ ਦੂਜਾ ਅਜੇ ਕੁਆਰਾ ਸੀ। ਇਨ੍ਹਾਂ ਦੋਵਾਂ ਮ੍ਰਿਤਕਾਂ ਦਾ ਪਿਛੋਕੜ ਬਿਹਾਰ ਦਾ ਦੱਸਿਆ ਜਾ ਰਿਹਾ ਹੈ, ਪਰ ਹੁਣ ਇਹ ਪਰਵਾਰ ਸਮੇਤ ਪਿੰਡ ਗੁਰੂਗੜ੍ਹ ਵਿਖੇ ਰਹਿੰਦੇ ਸਨ। ਥਾਣਾ ਮੁਖੀ ਭਿੰਦਰ ਸਿੰਘ ਖੰਗੂੜਾ ਨੇ ਦੱਸਿਆ ਕਿ ਇਹ ਦੋਵੇਂ ਨੌਜਵਾਨਾਂ ਦੀਆਂ ਲਾਸ਼ਾਂ ਨੂੰ ਕਬਜ਼ੇ 'ਚ ਲੈ ਪੋਸਟ ਮਾਰਟਮ ਲਈ ਭੇਜ ਦਿੱਤਾ ਹੈ ਤੇ ਕਮਰੇ ਵਿੱਚ ਕੁਝ ਖਾਣ-ਪੀਣ ਦਾ ਸਾਮਾਨ ਵੀ ਮਿਲਿਆ ਹੈ, ਜੋ ਕਿ ਕਬਜ਼ੇ 'ਚ ਲੈ ਲਿਆ ਹੈ। ਉਨ੍ਹਾਂ ਕਿਹਾ ਕਿ ਪੋਸਟ ਮਾਰਟਮ ਰਿਪੋਰਟ ਤੋਂ ਬਾਅਦ ਹੀ ਪਤਾ ਲੱਗੇਗਾ ਕਿ ਇਨ੍ਹਾਂ ਦੀ ਮੌਤ ਕੋਈ ਜ਼ਹਿਰੀਲਾ ਖਾਣਾ, ਜ਼ਹਿਰੀਲੇ ਜਾਨਵਰ ਦੇ ਡੱਸਣ ਜਾਂ ਫਿਰ ਨਸ਼ੇ ਕਾਰਨ ਹੋਈ ਹੈ। ਪੁਲਸ ਵੱਲੋਂ ਹਰ ਪਹਿਲੂ ਤੋਂ ਜਾਂਚ ਕੀਤੀ ਜਾ ਰਹੀ ਹੈ।

ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੇ ਡੀ ਸੀ ਨੂੰ ਸੌਂਪਿਆ ਮੰਗ ਪੱਤਰ

ਮਾਲੇਰਕੋਟਲਾ (ਅਸਗਰ ਪਰਿਹਾਰ)-ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਨਾਲ ਸਬੰਧਤ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਵੱਲੋਂ ਕੇਂਦਰੀ ਮੰਤਰੀ ਅੰਨਾ ਪੂਰਨਾ ਦੇ ਨਾਂਅ ਮਾਲੇਰਕੋਟਲਾ ਦੇ ਡਿਪਟੀ ਕਮਿਸ਼ਨਰ ਡਾਕਟਰ ਪੱਲਵੀ ਨੂੰ ਮੰਗ ਪੱਤਰ ਸੌਂਪਿਆ ਗਿਆ।ਯੂਨੀਅਨ ਦੀ ਜ਼ਿਲ੍ਹਾ ਆਗੂ ਤੇ ਬਲਾਕ ਪ੍ਰਧਾਨ ਸੁਰਿੰਦਰਪਾਲ ਕੌਰ ਨੇ ਦੱਸਿਆ ਕਿ ਇਹ ਮੰਗ ਪੱਤਰ ਆਂਗਣਵਾੜੀ ਸੈਂਟਰਾਂ 'ਚ ਪ੍ਰਾਈਵੇਟ ਕੰਪਨੀਆਂ ਰਾਹੀਂ ਲਾਭਪਾਤਰੀਆਂ ਲਈ ਭੇਜੇ ਜਾ ਰਹੇ ਘਟੀਆ ਕੁਆਲਿਟੀ ਦੇ ਰਾਸ਼ਨ ਦੇ ਸਬੰਧ 'ਚ ਦਿੱਤਾ ਗਿਆ ਹੈ, ਕਿਉਂਕਿ ਰਾਸ਼ਨ ਖਾ ਕੇ ਲਾਭਪਾਤਰੀ ਬਿਮਾਰ ਹੋ ਸਕਦੇ ਹਨ ਤੇ ਵੱਡੀ ਗਿਣਤੀ ਵਿੱਚ ਲਾਭਪਾਤਰੀਆਂ ਨੇ ਅਜਿਹਾ ਰਾਸ਼ਨ ਲੈਣ ਤੋਂ ਆਂਗਣਵਾੜੀ ਵਰਕਰਾਂ ਨੂੰ ਕੋਰਾ ਜਵਾਬ ਦੇ ਦਿੱਤਾ ਹੈ।ਉਨ੍ਹਾ ਦੋਸ਼ ਲਗਾਇਆ ਕਿ ਜਥੇਬੰਦੀ ਵੱਲੋਂ ਪੰਜਾਬ ਸਰਕਾਰ ਤੇ ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਨੂੰ ਵਾਰ ਵਾਰ ਕਹਿਣ ਦੇ ਬਾਵਜੂਦ ਆਂਗਣਵਾੜੀ ਸੈਂਟਰਾਂ ਵਿੱਚ ਇਹ ਰਾਸ਼ਨ ਭੇਜਣਾ ਬੰਦ ਨਹੀਂ ਕੀਤਾ ਗਿਆ।ਉਨ੍ਹਾਂ ਕਿਹਾ ਕਿ ਅੱਜ ਤੋਂ ਲਗਭਗ 4 ਸਾਲ ਪਹਿਲਾਂ ਕਾਂਗਰਸ ਦੀ ਸਰਕਾਰ ਨੇ ਤਿੰਨ ਜ਼ਿਲ੍ਹਿਆਂ ਫਾਜ਼ਲਿਕਾ, ਫਿਰੋਜ਼ਪੁਰ ਤੇ ਹੁਸ਼ਿਆਰਪੁਰ ਦੇ ਆਂਗਣਵਾੜੀ ਸੈਂਟਰਾਂ ਦਾ ਰਾਸ਼ਨ ਐੱਨ.ਜੀ.ਓ. ਨੂੰ ਠੇਕੇ 'ਤੇ ਦਿੱਤਾ ਹੋਇਆ ਸੀ, ਜਿਸ ਨੂੰ ਬੰਦ ਕਰਵਾਉਣ ਲਈ ਜਥੇਬੰਦੀ ਵਾਰ ਵਾਰ ਮੰਗ ਕਰ ਰਹੀ ਸੀ, ਪਰ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਉਹ ਰਾਸ਼ਨ ਬੰਦ ਕਰਨ ਦੀ ਬਜਾਏ ਪੂਰੇ ਪੰਜਾਬ ਦੇ ਆਂਗਣਵਾੜੀ ਸੈਂਟਰਾਂ ਦਾ ਰਾਸ਼ਨ ਹੀ ਪ੍ਰਾਈਵੇਟ ਕੰਪਨੀਆਂ ਨੂੰ ਹੀ ਠੇਕੇ 'ਤੇ ਦੇ ਦਿੱਤਾ। ਉਨ੍ਹਾ ਕਿਹਾ ਕਿ ਰਾਸ਼ਨ ਭੇਜਣ ਵਾਲੀ ਪ੍ਰਾਈਵੇਟ ਕੰਪਨੀ ਨਾਲ ਸਰਕਾਰ ਦੀ ਗਿਣੀ ਮਿੱਥੀ ਸਾਜ਼ਿਸ਼ ਹੈ। ਯੂਨੀਅਨ ਆਗੂਆਂ ਦਾ ਕਹਿਣਾ ਹੈ ਕਿ ਪਹਿਲਾਂ ਆਂਗਣਵਾੜੀ ਸੈਂਟਰਾਂ ਵਿੱਚ ਜੋ ਰਾਸ਼ਨ ਭੇਜਿਆ ਜਾਂਦਾ ਸੀ, ਉਹ ਸਰਕਾਰੀ ਅਦਾਰਿਆਂ ਵੇਰਕਾ ਤੇ ਮਾਰਕਫੈੱਡ ਦੁਆਰਾ ਭੇਜਿਆ ਜਾਂਦਾ ਸੀ, ਪਰ ਹੁਣ ਪ੍ਰਾਈਵੇਟ ਕੰਪਨੀ ਨੂੰ ਰਾਸ਼ਨ ਭੇਜਣ ਦਾ ਠੇਕਾ ਦਿੱਤਾ ਹੋਇਆ ਹੈ।ਯੂਨੀਅਨ ਨੇ ਕੇਂਦਰੀ ਮੰਤਰੀ ਤੋਂ ਮੰਗ ਕੀਤੀ ਹੈ ਕਿ ਇਸ ਮਾਮਲੇ ਦੀ ਜਾਂਚ ਪੜਤਾਲ ਕੀਤੀ ਜਾਵੇ, ਕਿਉਂਕਿ ਰਾਸ਼ਨ ਵਿੱਚ ਵੱਡੇ ਪੱਧਰ 'ਤੇ ਘਪਲਾ ਹੋ ਰਿਹਾ ਹੈ।

ਪਿਸਤੌਲ ਦੀ ਨੋਕ 'ਤੇ ਠੇਕੇ ਤੋਂ ਨਕਦੀ ਤੇ ਸ਼ਰਾਬ ਦੀ ਲੁੱਟ ਨਿਕਲੀ ਫ਼ਰਜ਼ੀ

ਹਿਸਾਬ 'ਚ ਹੋਈ ਗੜਬੜੀ ਕਾਰਨ ਕਰਿੰਦੇ ਨੇ ਬਣਾਈ ਸੀ ਝੂਠੀ ਕਹਾਣੀ

ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)-ਕੱਲ੍ਹ ਸ਼ਾਮ ਨੇੜਲੇ ਪਿੰਡ ਕਾਉਂਕੇ ਵਿਖੇ ਪਿਸਤੌਲ ਦੀ ਨੋਕ 'ਤੇ 2 ਨਕਾਬਪੋਸ਼ ਲੁਟੇਰਿਆਂ ਵੱਲੋਂ ਠੇਕੇ ਤੋਂ ਨਕਦੀ ਤੇ ਸ਼ਰਾਬ ਲੁੱਟ ਦੀ ਸ਼ਿਕਾਇਤ ਕਰਿੰਦੇ ਵੱਲੋਂ ਦਿੱਤੀ ਗਈ ਸੀ, ਉਹ ਫ਼ਰਜ਼ੀ ਨਿਕਲੀ, ਜਿਸ ਨੂੰ ਪੁਲਸ ਨੇ ਕੁਝ ਹੀ ਘੰਟਿਆਂ ਵਿੱਚ ਸੁਲਝਾ ਲਿਆ। ਸ਼ਰਾਬ ਠੇਕੇ ਤੋਂ ਲੁੱਟ ਦੀ ਘਟਨਾ ਸਬੰਧੀ ਜਾਣਕਾਰੀ ਮਿਲਦਿਆਂ ਮਾਮਲੇ ਦੀ ਜਾਂਚ ਲਈ ਸਹਾਇਕ ਥਾਣੇਦਾਰ ਜਗਤਾਰ ਸਿੰਘ ਮੌਕੇ 'ਤੇ ਪੁੱਜੇ, ਜਿਨ੍ਹਾਂ ਨੂੰ ਮਾਮਲਾ ਸ਼ੱਕੀ ਲੱਗਿਆ। ਠੇਕੇ ਦੇ ਕਰਿੰਦੇ ਨੂੰ ਪੁੱਛਗਿੱਛ ਲਈ ਜਦੋਂ ਮਾਛੀਵਾੜਾ ਥਾਣਾ ਵਿਖੇ ਬੁਲਾਇਆ ਗਿਆ ਤਾਂ ਉੱਥੇ ਇੰਸਪੈਕਟਰ ਭਿੰਦਰ ਸਿੰਘ ਖੰਗੂੜਾ ਤੇ ਸਹਾਇਕ ਥਾਣੇਦਾਰ ਜਗਤਾਰ ਸਿੰਘ ਨੇ ਜਾਂਚ ਸ਼ੁਰੂ ਕੀਤੀ ਤਾਂ ਕਰਮਚਾਰੀ ਨਰੇਸ਼ ਆਪਣੇ ਬਿਆਨਾਂ ਵਿੱਚ ਉਲਝ ਗਿਆ। ਪੁਲਸ ਵੱਲੋਂ ਜਦੋਂ ਸਖ਼ਤੀ ਕੀਤੀ ਗਈ ਤਾਂ ਠੇਕੇ ਦੇ ਕਰਮਚਾਰੀ ਨਰੇਸ਼ ਨੇ ਦੱਸਿਆ ਕਿ ਡਿਊਟੀ ਦੌਰਾਨ ਹਿਸਾਬ ਵਿੱਚ ਕੁਝ ਗੜਬੜੀ ਹੋ ਗਈ ਸੀ ਅਤੇ ਉਸ ਕੋਲ ਸ਼ਰਾਬ ਵਿਕਰੀ ਦੇ ਪੈਸੇ ਘਟ ਗਏ, ਜਿਸ ਲਈ ਉਸ ਨੇ ਝੂਠੀ ਕਹਾਣੀ ਬਣਾਈ ਕਿ ਪਿਸਤੌਲ ਦੀ ਨੋਕ 'ਤੇ 2 ਨਕਾਬਪੋਸ਼ ਲੁਟੇਰੇ ਠੇਕੇ 'ਤੇ ਆਏ, ਜੋ 10 ਹਜ਼ਾਰ ਰੁਪਏ ਨਕਦੀ ਤੇ ਸ਼ਰਾਬ ਲੁੱਟ ਕੇ ਲੈ ਗਏ। ਥਾਣਾ ਮੁਖੀ ਭਿੰਦਰ ਸਿੰਘ ਖੰਗੂੜਾ ਨੇ ਦੱਸਿਆ ਕਿ ਪੁਲਸ ਨੇ ਕੁਝ ਹੀ ਘੰਟਿਆਂ ਵਿੱਚ ਇਸ ਝੂਠੀ ਲੁੱਟ ਦਾ ਪਰਦਾਫਾਸ਼ ਕਰਦਿਆਂ ਝੂਠੀ ਸ਼ਿਕਾਇਤ ਦਰਜ ਕਰਵਾਉਣ ਵਾਲੇ ਵਿਅਕਤੀ 'ਤੇ ਉੱਚ ਅਧਿਕਾਰੀਆਂ ਦੇ ਨਿਰਦੇਸ਼ਾਂ ਤੋਂ ਬਾਅਦ ਬਣਦੀ ਕਾਰਵਾਈ ਕੀਤੀ ਜਾਵੇਗੀ।

ਡੀ ਟੀ ਐੱਫ ਦੇ ਚੋਣ ਅਜਲਾਸ 'ਚ ਰਮਨਜੀਤ ਪ੍ਰਧਾਨ ਚੁਣੇ

ਸਮਰਾਲਾ (ਸੁਰਜੀਤ ਸਿੰਘ)-ਅਧਿਆਪਕਾਂ ਦੀ ਜਥੇਬੰਦੀ ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੀ ਲੁਧਿਆਣਾ ਇਕਾਈ ਵੱਲੋਂ ਚੋਣ ਅਬਜ਼ਰਵਰ ਮੁਕੇਸ਼ ਕੁਮਾਰ ਸੂਬਾ ਜਨਰਲ ਸਕੱਤਰ ਡੀ.ਟੀ.ਐੱਫ. ਪੰਜਾਬ ਤੇ ਸੁਖਦੇਵ ਡਾਨਸੀਵਾਲ ਸੂਬਾ ਪ੍ਰਚਾਰ ਸਕੱਤਰ ਦੀ ਦੇਖ-ਰੇਖ ਹੇਠ ਜ਼ਿਲ੍ਹਾ ਚੋਣ ਅਜਲਾਸ ਕਰਕੇ ਨਵੀਂ ਸਕੱਤਰੇਤ ਅਤੇ ਜ਼ਿਲ੍ਹਾ ਕਮੇਟੀ ਦਾ ਗਠਨ ਕੀਤਾ ਗਿਆ।ਚੋਣ ਅਜਲਾਸ ਦੀ ਸ਼ੁਰੂਆਤ ਵਿੱਚ ਜ਼ਿਲ੍ਹਾ ਸਕੱਤਰ ਰੁਪਿੰਦਰ ਪਾਲ ਸਿੰਘ ਗਿੱਲ ਵੱਲੋਂ ਪਿਛਲੇ ਤਿੰਨ ਸਾਲ ਦੀਆਂ ਗਤੀਵਿਧੀਆਂ ਸਬੰਧੀ ਰਿਪੋਰਟ ਪੇਸ਼ ਕੀਤੀ ਗਈ। ਉਪਰੰਤ ਚੋਣ ਦੌਰਾਨ ਜ਼ਿਲ੍ਹਾ ਪ੍ਰਧਾਨ ਰਮਨਜੀਤ ਸਿੰਘ ਸੰਧੂ, ਸਕੱਤਰ ਰੁਪਿੰਦਰਪਾਲ ਸਿੰਘ ਗਿੱਲ, ਵਿੱਤ ਸਕੱਤਰ ਮਨਪ੍ਰੀਤ ਸਿੰਘ ਸਮਰਾਲਾ, ਪ੍ਰੈੱਸ ਸਕੱਤਰ ਸੁਰਿੰਦਰ ਪਾਲ ਸਿੰਘ ਇਆਲੀ, ਮੀਤ ਪ੍ਰਧਾਨ ਜੰਗਪਾਲ ਸਿੰਘ ਰਾਏਕੋਟ ਤੇ ਬਲਬੀਰ ਸਿੰਘ ਬਾਸੀਆਂ, ਜਥੇਬੰਧਕ ਸਕੱਤਰ ਰਜਿੰਦਰ ਜੰਡਿਆਲੀ, ਸੰਯੁਕਤ ਸਕੱਤਰ ਅਵਤਾਰ ਸਿੰਘ ਖਾਲਸਾ, ਸਹਾਇਕ ਵਿੱਤ ਸਕੱਤਰ ਨਰਿੰਦਰ ਸਿੰਘ ਤੋਂ ਇਲਾਵਾ ਪ੍ਰਭਜੋਤ ਸਿੰਘ, ਰਾਜਵਿੰਦਰ ਸਿੰਘ, ਸਤਿਕਰਤਾਰ ਸਿੰਘ, ਜਤਿੰਦਰ ਕੁਮਾਰ, ਬਰਜਿੰਦਰ ਸਿੰਘ, ਰਕੇਸ਼ ਪੋਹੀੜ, ਅਮਨਦੀਪ ਵਰਮਾ, ਨਵਗੀਤ ਸਿੰਘ, ਪ੍ਰਗਟ ਸਿੰਘ, ਦਲਜੀਤ ਸਿੰਘ ਤੇ ਅਰਵਿੰਦਰ ਸਿੰਘ ਆਦਿ ਦੀ ਚੋਣ ਜ਼ਿਲ੍ਹਾ ਕਮੇਟੀ ਮੈਂਬਰਾਂ ਵਜੋਂ ਹੋਈ।ਇਸ ਮੌਕੇ ਆਪਣੇ ਸੰਬੋਧਨ ਵਿੱਚ ਸੂਬਾ ਸਕੱਤਰ ਮੁਕੇਸ਼ ਕੁਮਾਰ ਨੇ ਨਵੀਂ ਸਿੱਖਿਆ ਨੀਤੀ 2020 ਨੂੰ ਸਿੱਖਿਆ ਲਈ ਘਾਤਕ ਦੱਸਦੇ ਹੋਏ ਇਸ ਵਿਰੁੱਧ ਸੰਘਰਸ਼ ਕਰਨ ਤੇ 4 ਅਗਸਤ ਨੂੰ ਬਠਿੰਡਾ ਵਿਖੇ ਹੋਣ ਜਾ ਰਹੇ ਸੂਬਾਈ ਅਜਲਾਸ ਵਿੱਚ ਹੁੰਮ ਹੁਮਾ ਕੇ ਪਹੁੰਚਣ ਦਾ ਸੱਦਾ ਦਿੱਤਾ। ਇਸ ਮੌਕੇ ਡੈਮੋਕ੍ਰੇਟਿਕ ਮੁਲਾਜ਼ਮ ਫੈਡਰੇਸ਼ਨ ਦੇ ਪ੍ਰਧਾਨ ਸੁਖਵਿੰਦਰ ਲੀਲ ਵੀ ਹਾਜ਼ਰ ਸਨ।

ਭਾਰਤੀਯ ਅੰਬੇਡਕਰ ਮਿਸ਼ਨ ਵੱਲੋਂ ਜ਼ਿਲ੍ਹਾ ਖੇਡ ਅਫ਼ਸਰ ਦਾ ਸਨਮਾਨ

ਸੰਗਰੂਰ (ਪ੍ਰਵੀਨ ਸਿੰਘ)-ਦੇਸ਼ ਦੀ ਪ੍ਰਸਿੱਧ ਤੇ ਸਰਗਰਮ ਸਮਾਜਿਕ ਜਥੇਬੰਦੀ ਭਾਰਤੀਯ ਅੰਬੇਡਕਰ ਮਿਸ਼ਨ ਭਾਰਤ ਵੱਲੋਂ ਸ੍ਰੀਮਤੀ ਪੂਨਮ ਕਾਂਗੜਾ ਮੁੱਖ ਸਰਪ੍ਰਸਤ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਮਿਸ਼ਨ ਦੀ ਟੀਮ ਵੱਲੋਂ ਪਰਮਿੰਦਰ ਸਿੰਘ ਕਲਿਆਣ ਜ਼ਿਲ੍ਹਾ ਖੇਡ ਅਫ਼ਸਰ ਸੰਗਰੂਰ ਦਾ ਨੌਜਵਾਨਾਂ ਨੂੰ ਖੇਡਾਂ ਵੱਲ ਪ੍ਰੇਰਿਤ ਕਰਨ ਲਈ ਵਿਸ਼ੇਸ਼ ਸਨਮਾਨ ਕੀਤਾ ਗਿਆ।ਇਸ ਮੌਕੇ ਸੰਬੋਧਨ ਕਰਦਿਆਂ ਸ੍ਰੀ ਦਰਸ਼ਨ ਸਿੰਘ ਕਾਂਗੜਾ ਕੌਮੀ ਪ੍ਰਧਾਨ ਭਾਰਤੀਯ ਅੰਬੇਡਕਰ ਮਿਸ਼ਨ ਨੇ ਕਿਹਾ ਕਿ ਜ਼ਿਲ੍ਹਾ ਖੇਡ ਅਫ਼ਸਰ ਇੱਕ ਕਾਬਿਲ ਅਫ਼ਸਰ ਦੇ ਨਾਲ ਨਾਲ ਇੱਕ ਚੰਗੇ ਖਿਡਾਰੀ ਵੀ ਹਨ, ਜਿਨ੍ਹਾਂ ਦੀ ਸੋਚ ਅਗਾਂਹਵਧੂ ਹੈ। ਉਹ ਨੌਜਵਾਨਾਂ ਨੂੰ ਸਮਾਜਿਕ ਬੁਰਾਈਆਂ ਤੋਂ ਦੂਰ ਕਰਕੇ ਖੇਡਾਂ ਵੱਲ ਪ੍ਰੇਰਿਤ ਕਰ ਰਹੇ ਹਨ, ਜੋ ਕਿ ਬਹੁਤ ਹੀ ਸ਼ਲਾਘਾਯੋਗ ਕਦਮ ਹੈ।ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਵਿੱਚ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਕਰਨ ਲਈ ਹਰ ਇੱਕ ਵਿਅਕਤੀ ਨੂੰ ਕੰਮ ਕਰਨਾ ਚਾਹੀਦਾ ਹੈ ਤਾਂ ਜੋ ਸਾਡੀ ਜਵਾਨੀ ਨੂੰ ਬਚਾਇਆ ਜਾ ਸਕੇ। ਪਰਮਿੰਦਰ ਸਿੰਘ ਕਲਿਆਣ ਜ਼ਿਲ੍ਹਾ ਖੇਡ ਅਫ਼ਸਰ ਨੇ ਕਿਹਾ ਕਿ ਉਹ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਹਰ ਸੰਭਵ ਕੋਸ਼ਿਸ਼ ਕਰ ਰਹੇ ਹਨ।ਉਨ੍ਹਾਂ ਮਿਲ਼ੇ ਮਾਣ ਸਨਮਾਨ ਲਈ ਭਾਰਤੀਯ ਅੰਬੇਡਕਰ ਮਿਸ਼ਨ ਭਾਰਤ ਦੀ ਸਮੁੱਚੀ ਟੀਮ ਦਾ ਧੰਨਵਾਦ ਕੀਤਾ। ਇਸ ਮੌਕੇ ਭੁਪਿੰਦਰ ਕੁਮਾਰ ਸਹਿਗਲ, ਰਾਣਾ ਬਾਲੂ, ਮਨੋਜ ਕੁਮਾਰ, ਸਾਜਨ ਕਾਂਗੜਾ ਤੋਂ ਇਲਾਵਾ ਹੋਰ ਵੀ ਵਲੰਟੀਅਰ ਹਾਜ਼ਰ ਸਨ।

ਆਂਗਣਵਾੜੀ ਵਰਕਰਾਂ ਨੇ ਕੈਬਨਿਟ ਮੰਤਰੀ ਅਮਨ ਅਰੋੜਾ ਨੂੰ ਦਿੱਤਾ ਮੰਗ ਪੱਤਰ

ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)-ਆਲ ਪੰਜਾਬ ਆਂਗਣਵਾੜੀ ਮੁਲਾਜ਼ਮ ਯੂਨੀਅਨ ਨਾਲ ਸਬੰਧਤ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ ਨੇ ਡਿਪਟੀ ਕਮਿਸ਼ਨਰ ਦਫ਼ਤਰ ਵਿਖੇ ਕੈਬਨਿਟ ਮੰਤਰੀ ਅਮਨ ਅਰੋੜਾ ਨੂੰ ਮੰਗ ਪੱਤਰ ਦਿੱਤਾ।ਇਹ ਜਾਣਕਾਰੀ ਜ਼ਿਲ੍ਹਾ ਪ੍ਰਧਾਨ ਸ਼ਿੰਦਰਪਾਲ ਕੌਰ ਥਾਂਦੇਵਾਲਾ ਨੇ ਦਿੱਤੀ।ਵਫ਼ਦ ਨੇ ਮੰਗ ਕੀਤੀ ਕਿ ਸੂਬੇ ਦੇ ਆਂਗਣਵਾੜੀ ਸੈਂਟਰਾਂ ਵਿੱਚ ਲਾਭਪਾਤਰੀਆਂ ਲਈ ਬਹੁਤ ਹੀ ਮਾੜਾ ਰਾਸ਼ਨ ਭੇਜਿਆ ਜਾ ਰਿਹਾ ਹੈ ਤੇ ਇਹ ਰਾਸ਼ਨ ਬੰਦ ਕਰਕੇ ਸਰਕਾਰੀ ਅਦਾਰਿਆਂ ਵੇਰਕਾ ਤੇ ਮਾਰਕਫੈੱਡ ਦਾ ਰਾਸ਼ਨ ਭੇਜਿਆ ਜਾਵੇ।ਉਨ੍ਹਾਂ ਇਹ ਵੀ ਮੰਗ ਕੀਤੀ ਕਿ ਯੂਨੀਅਨ ਦੇ ਸੂਬਾ ਪ੍ਰਧਾਨ ਹਰਗੋਬਿੰਦ ਕੌਰ ਦੀਆਂ ਖਤਮ ਕੀਤੀਆਂ ਗਈਆਂ ਸੇਵਾਵਾਂ ਨੂੰ ਤੁਰੰਤ ਬਹਾਲ ਕੀਤਾ ਜਾਵੇ।ਇਸ ਮੌਕੇ ਕਿਰਨਜੀਤ ਕੌਰ ਭੰਗਚੜੀ, ਗਗਨਦੀਪ ਕੌਰ ਮੱਲਣ, ਵੀਰਪਾਲ ਕੌਰ ਭਾਗਸਰ, ਬੇਅੰਤ ਕੌਰ, ਸੁਖਵਿੰਦਰ ਕੌਰ ਸੰਗੂਧੌਣ, ਕਿਰਨਪਾਲ ਕੌਰ, ਨਰਿੰਦਰ ਕੌਰ, ਭਿੰਦਰ ਕੌਰ, ਪਰਮਜੀਤ ਕੌਰ, ਮਲਕੀਤ ਕੌਰ, ਸੰਦੀਪ ਕੌਰ, ਮੋਨਿਕਾ, ਹਰਮੇਸ਼ ਕੁਮਾਰੀ ਆਦਿ ਮੌਜੂਦ ਸਨ।

ਮਨਰੇਗਾ ਬਜਟ 'ਚ ਕਟੌਤੀ ਨਾਲ ਭਾਜਪਾ ਦਾ ਮਜ਼ਦੂਰ ਤੇ ਗਰੀਬ ਵਿਰੋਧੀ ਚਿਹਰਾ ਜਨਤਕ ਹੋਇਆ : ਚੌਹਾਨ

ਮਾਨਸਾ (ਆਤਮਾ ਸਿੰਘ ਪਮਾਰ)-ਕੇਂਦਰ ਦੀ ਮੋਦੀ ਸਰਕਾਰ ਦਾ ਤੀਸਰੀ ਪਾਰੀ ਦਾ ਪਹਿਲਾ ਪੇਸ਼ ਬਜਟ ਅਮੀਰ ਪੱਖੀ ਤੇ ਆਮ ਲੋਕਾਂ ਦੇ ਵਿਰੋਧੀ ਸਾਬਿਤ ਹੋਇਆ ਹੈ।ਸਰਕਾਰ ਨੇ ਮਨਰੇਗਾ ਬਜਟ 'ਚ ਕਟੌਤੀ ਕਰਕੇ ਮਨਰੇਗਾ ਕਾਮਿਆਂ ਨੂੰ ਰੁਜ਼ਗਾਰ ਮੁਹੱਈਆ ਨਾ ਕਰਵਾਉਣ ਦੀ ਆਪਣੀ ਨੀਤੀ

28-JULY-PAGE-5.qxd 7/27/2024 10:45 PM Page 1

ਨਗਰ ਪੰਚਾਇਤ ਭਗਤਾ ਦਾ ਕਰਮਚਾਰੀ ਕਾਂਗੜ ਪਿੰਡ ਦੀ ਟੈਂਕੀ 'ਤੇ ਚੜ੍ਹਿਆ

ਵੀਡੀਓ ਵਾਇਰਲ ਕਰ ਪੰਜ ਲੋਕਾਂ ਨੂੰ ਮੌਤ ਦਾ ਠਹਿਰਾਇਆ ਜ਼ਿੰਮੇਵਾਰ

ਭਗਤਾ ਭਾਈ ਕਾ (ਰਾਜੀਵ ਗੋਇਲ)

ਸਥਾਨਕ ਨਗਰ ਪੰਚਾਇਤ ਦਫਤਰ ਵਿਖੇ ਹੇਠਲੇ ਪੱਧਰ ਦੇ ਮੁਲਾਜ਼ਮਾਂ ਦਾ ਕਾਰਜ ਸਾਧਕ ਅਫਸਰ ਤੇ ਹੋਰਨਾਂ ਨਾਲ ਚੱਲ ਰਿਹਾ ਰੇੜਕਾ ਰੁਕਣ ਦਾ ਨਾਮ ਨਹੀਂ ਲੈ ਰਿਹਾ ਅਤੇ ਆਖੀਰ ਇਨ੍ਹਾਂ ਮੁਲਾਜ਼ਮਾਂ ਦਾ ਇੱਕ ਸਾਥੀ ਅੱਜ ਸਾਬਕਾ ਮੰਤਰੀ ਗੁਰਪ੍ਰੀਤ ਸਿੰਘ ਕਾਂਗੜ੍ਹ ਦੇ ਜੱਦੀ ਪਿੰਡ ਕਾਂਗੜ੍ਹ ਦੀ ਪਾਣੀ ਵਾਲੀ ਟੈਂਕੀ 'ਤੇ ਜਾ ਚੜ੍ਹਿਆ।

ਮਾਮਲਾ ਹੈ ਕੀ:-ਸਥਾਨਕ ਨਗਰ ਦੇ ਕੁਝ ਚਾਰ-ਪੰਜ ਲੋਕਾਂ ਵੱਲੋਂ ਇੱਕ ਸ਼ਿਕਾਇਤ ਭਰੀ ਚਿੱਠੀ ਨਗਰ ਪੰਚਾਇਤ ਦੇ ਕਾਰਜ ਸਾਧਕ ਅਫਸਰ ਨੂੰ ਸੌਂਪੀ ਗਈ, ਜਿਸ ਵਿੱਚ ਦਫਤਰ ਅੰਦਰ ਕੰਮ ਕਰਦੇ ਹੇਠਲੇ ਪੱਧਰ ਦੇ ਪੰਜ ਮੁਲਾਜ਼ਮਾਂ, ਜਿਨ੍ਹਾਂ ਵਿੱਚ ਦੋ ਔਰਤਾਂ ਵੀ ਸ਼ਾਮਲ ਹਨ, ਨੂੰ ਨੌਕਰੀ ਤੋਂ ਵਾਂਝਿਆਂ ਕਰਨ ਬਾਰੇ ਲਿਖਿਆ ਗਿਆ ਸੀ।ਚਰਚਾ ਹੈ ਕਿ ਸ਼ਿਕਾਇਤਕਰਤਾ ਚਿੱਠੀ ਵਾਲੇ ਸਾਰੇ ਲੋਕ ਆਮ ਆਦਮੀ ਪਾਰਟੀ ਦੇ ਹੀ ਕਾਰਕੁਨ ਹਨ।ਕਾਰਜ ਸਾਧਕ ਅਫਸਰ ਵੱਲੋਂ ਉਸੇ ਚਿੱਠੀ ਨੂੰ ਅਧਾਰ ਬਣਾ ਕੇ ਇਨ੍ਹਾਂ ਮੁਲਾਜ਼ਮਾਂ ਨੂੰ ਨੌਕਰੀ ਤੋਂ ਫਾਰਗ ਕਰ ਦਿੱਤਾ ਗਿਆ, ਜਿਸ ਤੋਂ ਬਾਅਦ ਰੋਹ ਵਿੱਚ ਆਏ ਸਫਾਈ ਕਾਮਿਆਂ ਵੱਲੋਂ ਆਪਣੇ ਸਾਥੀਆਂ ਨੂੰ ਬਹਾਲ ਕਰਵਾਉਣ ਤੇ ਹੋਰ ਹੱਕੀ ਮੰਗਾਂ ਨੂੰ ਲੈ ਕੇ ਦਫਤਰ ਬਾਹਰ ਧਰਨਾ ਲਗਾ ਕੇ ਹੜਤਾਲ ਦਾ ਐਲਾਨ ਕਰਵਾ ਦਿੱਤਾ ਗਿਆ।ਬੀਤੇ ਕਰੀਬ ਦੋ ਹਫਤਿਆਂ ਤੋਂ ਧਰਨੇ 'ਤੇ ਬੈਠੇ ਇਨ੍ਹਾਂ ਮੁਲਾਜ਼ਮਾਂ ਦਾ, ਆਖੀਰ ਕੋਈ ਸੁਣਵਾਈ ਨਾ ਹੁੰਦੀਂ ਦੇਖ ਸਬਰ ਦਾ ਬੰਨ੍ਹ ਟੁੱਟ ਗਿਆ ਤੇ ਇਨ੍ਹਾਂ ਨੌਕਰੀ ਤੋਂ ਫਾਰਗ ਮੁਲਾਜ਼ਮਾਂ ਦਾ ਇੱਕ ਸਾਥੀ ਸੁੰਦਰ ਲਾਲ ਆਪਣੇ ਜੱਦੀ ਪਿੰਡ ਕਾਂਗੜ੍ਹ ਵਿਖੇ ਪਾਣੀ ਵਾਲੀ ਟੈਂਕੀ 'ਤੇ ਚੜ੍ਹ ਗਿਆ।ਦੱਸਣਾ ਬਣਦਾ ਹੈ ਕਿ ਇਹ ਪਿੰਡ ਸਾਬਕਾ ਮੰਤਰੀ ਗੁਰਪ੍ਰੀਤ ਸਿੰਘ ਦਾ ਜੱਦੀ ਪਿੰਡ ਹੈ।ਟੈਂਕੀ 'ਤੇ ਚੜ੍ਹਨ ਤੋਂ ਬਾਅਦ ਸੁੰਦਰ ਲਾਲ ਵੱਲੋਂ ਇੱਕ ਵੀਡੀਓ ਜਾਰੀ ਕੀਤਾ ਗਿਆ, ਜਿਸ ਵਿੱਚ ਉਹ ਨਗਰ ਪੰਚਾਇਤ ਦੇ ਸੁਪਰਡੈਂਟ ਸਮੇਤ ਸ਼ਿਕਾਇਤਕਰਤਾਵਾਂ ਦੇ ਕੁਝ ਆਗੂਆਂ 'ਤੇ ਨਜਾਇਜ਼ ਤੰਗ ਪ੍ਰੇਸ਼ਾਨ ਕਰਨ ਦਾ ਦੋਸ਼ ਲਗਾਉਂਦਾ ਨਜ਼ਰ ਆ ਰਿਹਾ ਹੈ।ਇਸ ਵੀਡੀਓ ਰਾਹੀਂ ਉਕਤ ਸੁੰਦਰ ਲਾਲ ਵੱਲੋਂ ਭਵਿੱਖ ਵਿੱਚ ਜੇਕਰ ਕੋਈ ਅਣਹੋਣੀ ਵਾਪਰਦੀ ਹੈ ਤਾਂ ਉਸ ਬਾਰੇ ਵੀ ਸੁਪਰਡੈਂਟ ਸਮੇਤ ਸ਼ਿਕਾਇਤਕਰਤਾਵਾਂ ਦੇ ਕੁਝ ਆਗੂਆਂ ਨੂੰ ਹੀ ਜ਼ਿੰਮੇਵਾਰ ਦੱਸਿਆ ਗਿਆ ਹੈ।ਉਧਰ ਦੂਜੇ ਪਾਸੇ ਸਫਾਈ ਕਾਮਿਆਂ ਵੱਲੋਂ ਵੀ ਆਪਣੀਆਂ ਮੰਗਾਂ ਨੂੰ ਮਨਵਾਉਣ ਲਈ ਟੈਂਕੀ ਦੇ ਹੇਠਾਂ ਸੁੰਦਰ ਲਾਲ ਦੀ ਹਮਾਇਤ ਵਿੱਚ ਧਰਨਾ ਲਗਾ ਦਿੱਤਾ ਗਿਆ ਅਤੇ ਆਸ-ਪਾਸ ਦੇ ਪਿੰਡਾਂ ਦੇ ਲੋਕ ਵੀ ਸੁੰਦਰ ਲਾਲ ਦੇ ਹੱਕ ਵਿੱਚ ਇਕੱਤਰ ਹੋ ਗਏ।ਖਬਰ ਲਿਖੇ ਜਾਣ ਤੱਕ ਡੀ.ਐੱਸ.ਪੀ. ਫੂਲ ਮੌਕੇ 'ਤੇ ਪਹੁੰਚੇ ਹੋਏ ਸਨ ਤੇ ਪ੍ਰਦਰਸ਼ਨਕਾਰੀਆਂ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ, ਪਰ ਸਥਿਤੀ ਜਿਉਂ ਦੀ ਤਿਉਂ ਹੀ ਬਣੀ ਹੋਈ ਸੀ।ਭਰੋਸੇਯੋਗ ਸੂਤਰਾਂ ਤੋਂ ਇਹ ਵੀ ਪਤਾ ਲੱਗਾ ਹੈ ਕਿ ਚਿੱਠੀ ਦੇਣ ਵਾਲਿਆਂ ਵਿੱਚੋਂ ਇੱਕਾ ਦੁੱਕਾ ਆਗੂ ਹੜਤਾਲੀ ਮੁਲਾਜ਼ਮਾਂ ਨਾਲ ਅੰਦਰਖਾਤੇ ਸਮਝੌਤੇ ਦੀ ਤਾਂਘ 'ਚ ਹਨ।ਸਫਾਈ ਕਾਮਿਆਂ ਦੀ ਹੜਤਾਲ ਦਾ ਸ਼ਹਿਰ ਵਾਸੀਆਂ 'ਤੇ ਵੀ ਅਸਰ ਦੇਖਣ ਨੂੰ ਮਿਲ ਰਿਹਾ ਹੈ।ਸ਼ਹਿਰ ਅੰਦਰ ਸਫਾਈ ਵਿਵਸਥਾ ਦਾ ਮੰਦਾ ਹਾਲ ਹੋ ਚੁੱਕਿਆ ਹੈ ਤੇ ਥਾਂ-ਥਾਂ ਗੰਦਗੀ ਦੇ ਢੇਰ ਦੇਖਣ ਨੂੰ ਮਿਲ ਰਹੇ ਹਨ। ਇੱਥੋਂ ਤੱਕ ਕਿ ਨਗਰ ਪੰਚਾਇਤ ਦਫਤਰ ਦੇ ਨੱਕ ਹੇਠਾਂ ਵੀ ਕੂੜੇ ਤੇ ਗੰਦਗੀ ਦੇ ਢੇਰ ਲੱਗ ਚੁੱਕੇ ਹਨ, ਪਰ ਸ਼ਾਇਦ ਕਾਰਜ ਸਾਧਕ ਅਫਸਰ ਵੱਲੋਂ ਆਪਣੇ ਆਕਾਵਾਂ ਨੂੰ ਖੁਸ਼ ਕਰਨ ਲਈ ਸ਼ਹਿਰ ਵਾਸੀਆਂ ਨੂੰ ਆਪਣੇ ਹਾਲ 'ਤੇ ਛੱਡ ਦਿੱਤਾ ਗਿਆ ਹੈ।ਇਸ ਮਸਲੇ ਨੂੰ ਲੈ ਕੇ ਜਦੋਂ ਸਥਾਨਕ ਨਗਰ ਪੰਚਾਇਤ ਦਫਤਰ ਦੇ ਕਾਰਜ ਸਾਧਕ ਅਫਸਰ ਨਾਲ ਗੱਲਬਾਤ ਕਰਨੀ ਚਾਹੀ ਤਾਂ ਉਨ੍ਹਾਂ ਵੱਲੋਂ ਫੋਨ ਚੁੱਕਣਾ ਹੀ ਮੁਨਾਸਿਬ ਨਾ ਸਮਝਿਆ ਗਿਆ।

ਧਰਨੇ 'ਤੇ ਬੈਠੇ ਕਰਮਚਾਰੀ, ਟੈਂਕੀ 'ਤੇ ਚੜ੍ਹਿਆ ਸੁੰਦਰ ਲਾਲ, ਦਫਤਰ ਅੰਦਰ ਖਿੱਲਰਿਆ ਕੂੜਾ, ਪ੍ਰਦਰਸ਼ਨਕਾਰੀਆਂ ਨਾਲ ਗੱਲਬਾਤ ਕਰਦੇ ਡੀ.ਐੱਸ.ਪੀ. ਫੂਲ ਤੇ (ਇਨਸੈੱਟ) ਗੱਲਬਾਤ ਕਰਦੀਆਂ ਸੁੰਦਰ ਲਾਲ ਦੀ ਮਾਂ ਤੇ ਪਤਨੀ।

ਗਰਭਵਤੀ ਔਰਤਾਂ, ਮਾਵਾਂ ਤੇ ਬੱਚਿਆਂ ਦੀ ਜ਼ਿੰਦਗੀ ਨਾਲ ਖਿਲਵਾੜ ਸਹਿਣ ਨਹੀਂ ਕਰਾਂਗੇ : ਸਰੋਜ ਛੱਪੜੀਵਾਲਾ

ਪੰਜਾਬ ਸਰਕਾਰ ਦੇ ਪਿੰਡ-ਪਿੰਡ ਫੂਕੇ ਜਾਣਗੇ ਪੁਤਲੇ : ਸੁਨੀਲ ਕੌਰ ਬੇਦੀ

ਜਲਾਲਾਬਾਦ (ਜੀਤ ਕੁਮਾਰ)-ਆਲ ਇੰਡੀਆ ਆਂਗਨਵਾੜੀ ਵਰਕਰਜ਼-ਹੈਲਪਰਜ਼ ਯੂਨੀਅਨ ਪੰਜਾਬ (ਏਟਕ) ਦੇ ਸੂਬਾ ਪ੍ਰਧਾਨ ਸਰੋਜ ਛੱਪੜੀਵਾਲਾ ਤੇ ਜਨਰਲ ਸਕੱਤਰ ਸੁਨੀਲ ਕੌਰ ਬੇਦੀ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਆਂਗਨਵਾੜੀ ਸੈਂਟਰਾਂ ਵਿੱਚ ਮਾਰਕਫੈੱਡ ਤੇ ਐੱਨ.ਜੀ.ਓ. ਵੱਲੋਂ ਜੋ ਰਾਸ਼ਨ ਭੇਜਿਆ ਗਿਆ ਹੈ, ਉਹ ਬਹੁਤ ਹੀ ਘਟੀਆ ਹੈ ਅਤੇ ਲਾਭਪਾਤਰੀਆਂ ਵੱਲੋਂ ਬਿਲਕੁਲ ਪਸੰਦ ਨਹੀਂ ਕੀਤਾ ਜਾ ਰਿਹਾ ਹੈ ਅਤੇ ਕਈ ਵਾਰ ਲਾਭਪਾਤਰੀ ਰਾਸ਼ਨ ਸੈਂਟਰ ਵਿੱਚ ਹੀ ਸੁੱਟ ਕੇ ਚਲੇ ਜਾਂਦੇ ਹਨ। ਕਈ ਪਿੰਡਾਂ ਵਿੱਚ ਲਾਭਪਾਤਰੀਆਂ ਦੀਆਂ ਵੀਡੀਓ ਵੀ ਰਾਸ਼ਨ ਨਾ ਲੈਣ ਦੀਆਂ ਆਈਆਂ ਹਨ। ਕਈ ਵਾਰ ਮਿਆਦ ਲੰਘਣ ਵਾਲੀ ਤਾਰੀਖ ਬਿਲਕੁਲ ਨੇੜੇ ਹੁੰਦੀ ਹੈ, ਪਰ ਰਾਸ਼ਨ ਦੀ ਖਪਤ ਲੰਘੀ ਤਾਰੀਖ ਤੱਕ ਪੂਰੀ ਨਹੀਂ ਹੁੰਦੀ। ਵਰਕਰਾਂ-ਹੈਲਪਰਾਂ ਨੂੰ ਕਿਹਾ ਜਾਂਦਾ ਹੈ ਕਿ ਬੰਦ ਪੈਕਟ ਦਾ ਲਿਫਾਫਾ ਲਾਭਪਾਤਰੀ ਨੂੰ ਨਹੀਂ ਦੇਣਾ। ਲਾਭਪਾਤਰੀ ਆਪਣਾ ਬਰਤਨ ਲਿਆਉਂਦੇ ਹਨ ਤੇ ਵਰਕਰ ਪੈਕਟ ਖੋਲ੍ਹ ਕੇ ਬਰਤਨ ਵਿੱਚ ਪਾ ਦਿੰਦੀ ਹੈ ਤੇ ਲਿਫਾਫੇ ਨੂੰ ਅੱਗ ਨਾਲ ਸਾੜ ਦਿੰਦੀ ਹੈ, ਜਿਸ ਦਾ ਵਿਰੋਧ ਵਰਕਰਾਂ-ਹੈਲਪਰਾਂ ਵੱਲੋਂ ਸਮੇਂ ਸਮੇਂ 'ਤੇ ਰੋਜ਼ ਹੀ ਕੀਤਾ ਜਾ ਰਿਹਾ ਹੈ। ਇਸੇ ਤਰ੍ਹਾਂ ਮੋਗਾ ਜ਼ਿਲ੍ਹੇ ਦੇ ਬਲਾਕ ਨਿਹਾਲ ਸਿੰਘ ਵਾਲਾ ਤੋਂ ਪਿੰਡ ਧੂੜ ਕੋਟ ਰਣਸੀਹਾਂ ਵਿੱਚ ਆਂਗਨਵਾੜੀ ਵਰਕਰ ਰਾਸ਼ਨ ਤਿਆਰ ਕਰਨ ਲੱਗੀ ਤਾਂ ਉਸ ਵਿੱਚੋਂ ਕੀੜਾ ਨਿਕਲਿਆ, ਜਿਸ ਦੀ ਭਣਕ ਪੱਤਰਕਾਰਾਂ ਨੂੰ ਲੱਗੀ ਤਾਂ ਉਹ ਸੈਂਟਰ ਵਿਚ ਆਏ ਅਤੇ ਇਸ ਬਾਰੇ ਉਨ੍ਹਾਂ ਸੀ.ਡੀ.ਪੀ.ਓ. ਨਿਹਾਲ ਸਿੰਘ ਵਾਲਾ ਨਾਲ ਗੱਲ ਕੀਤੀ ਤਾਂ ਉਨ੍ਹਾਂ ਦਾ ਜਵਾਬ ਸੀ ਕਿ ਸਾਨੂੰ ਕੀ ਪਤਾ, ਵਰਕਰ ਨੇ ਆਪ ਹੀ ਜ਼ਹਿਰੀਲਾ ਕੀੜਾ ਹੀ ਸੁੱਟ ਦਿੱਤਾ ਹੋਵੇ, ਸਾਡੇ ਕੋਲ ਕੀ ਸਬੂਤ ਹੈ? ਵਰਕਰ ਨੂੰ ਸ਼ਬਾਸ਼ ਦੇਣ ਦੀ ਬਜਾਏ ਦੋਸ਼ ਉਸ 'ਤੇ ਹੀ ਲਗਾ ਦਿੱਤਾ।

ਸੂਬਾ ਆਗੂ ਸਰੋਜ ਛੱਪੜੀਵਾਲਾ ਨੇ ਕਿਹਾ ਕਿ ਜੇਕਰ ਵਰਕਰ ਦਾ ਕੰਮ ਠੀਕ ਨਹੀਂ ਹੈ ਤਾਂ ਸੁਪਰਵਾਈਜ਼ਰ ਗਾਈਡ ਕਰੇ, ਜੇਕਰ ਸੁਪਰਵਾਈਜ਼ਰ ਵੀ ਨਹੀਂ ਸਮਝਾ ਸਕਦੀ ਤਾਂ ਸਬੰਧਤ ਸੀ.ਡੀ.ਪੀ.ਓ. ਗਾਈਡ ਕਰੇ ਨਾ ਕਿ ਡਰਾ ਕੇ ਰਜਿਸਟਰ ਚੁੱਕ ਲਿਆਵੇ। ਸੀ.ਡੀ.ਪੀ.ਓ. ਦਾ ਮਤਲਬ ਬਾਲ ਵਿਕਾਸ ਪ੍ਰੋਗਰਾਮ ਅਫਸਰ ਹੈ ਨਾ ਕਿ ਥਾਣੇਦਾਰ ਹੈ, ਜੋ ਦੋਸ਼ੀ ਬੰਦੇ ਨੂੰ ਚੁੱਕਣ ਦੀ ਤਰ੍ਹਾਂ ਰਜਿਸਟਰ ਚੁੱਕ ਲਿਆਏ। ਪਹਿਲਾਂ ਕਦੇ ਸੀ.ਡੀ.ਪੀ.ਓ. ਨੇ ਉਸ ਪਿੰਡ ਦਾ ਰਾਹ ਨਹੀਂ ਵੇਖਿਆ। ਉਨ੍ਹਾਂ ਕਿਹਾ ਕਿ ਘਟੀਆ ਰਾਸ਼ਨ ਦਾ ਲੰਮੇ ਸਮੇਂ ਤੋਂ ਵਿਰੋਧ ਹੋ ਰਿਹਾ ਹੈ, ਪਰ ਪੰਜਾਬ ਸਰਕਾਰ ਵਧੀਆ ਤੇ ਸਾਫ ਸੁਥਰਾ ਰਾਸ਼ਨ ਦੇਣ ਦੀ ਬਜਾਏ, ਜੋ ਵਿਰੋਧ ਕਰਦਾ ਹੈ, ਉਸ ਨੂੰ ਸਸਪੈਂਡ ਕਰ ਦਿੱਤਾ ਜਾਂਦਾ ਹੈ। ਰਾਸ਼ਨ ਦੀ ਘਟੀਆ ਕਵਾਲਟੀ ਸਬੰਧੀ ਜੋ ਵੀ ਬੋਲਦਾ ਹੈ, ਉਸ ਨੂੰ ਸਸਪੈਂਡ ਕਰ ਦਿੱਤਾ ਜਾਂਦਾ ਹੈ। ਇਸੇ ਤਰ੍ਹਾਂ ਹੀ ਸੀ.ਡੀ.ਪੀ.ਓ. ਬਲਾਕ ਰਾਈ ਅੰਮ੍ਰਿਤਸਰ ਨੂੰ ਇਸ ਲਈ ਸਸਪੈਂਡ ਕਰ ਦਿੱਤਾ ਕਿ ਉਸ ਨੇ ਹੈੱਡ ਆਫਿਸ ਰਿਪੋਰਟ ਕੀਤੀ ਸੀ। ਜਥੇਬੰਦੀ ਸਰਕਾਰ ਦੇ ਇਹੋ ਜਿਹੇ ਕੰਮਾਂ ਦੀ ਨਿਖੇਧੀ ਕਰਦੀ ਹੈ।

ਸੂਬਾ ਪ੍ਰਧਾਨ ਸਰੋਜ ਛਪੜੀਵਾਲਾ ਨੇ ਕਿਹਾ ਕਿ ਗਰਭਵਤੀ ਔਰਤਾਂ, ਮਾਵਾਂ ਤੇ ਬੱਚਿਆਂ ਦੀਆਂ ਜ਼ਿੰਦਗੀਆਂ ਨਾਲ ਹੋਰ ਖਿਲਵਾੜ ਸਹਿਣ ਨਹੀਂ ਕੀਤਾ ਜਾਵੇਗਾ। ਰਾਸ਼ਨ ਦੀਆਂ ਘਟੀਆ ਕਵਾਲਟੀ ਸਬੰਧੀ ਬੋਲਣ ਵਾਲੇ ਹੈਲਪਰ, ਵਰਕਰ, ਸੁਪਰਵਾਈਜ਼ਰ, ਸੀ.ਡੀ.ਪੀ.ਓ., ਡੀ.ਪੀ.ਓ. 'ਤੇ ਸਸਪੈਂਡ ਕਰਨ ਵਾਲਾ ਆਰਾ ਚਲਾਉਣਾ ਬੰਦ ਕੀਤਾ ਜਾਵੇ। ਸੂਬਾ ਜਨਰਲ ਸਕੱਤਰ ਸੁਨੀਲ ਕੌਰ ਬੇਦੀ ਨੇ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਲਾਭਪਾਤਰੀਆਂ ਦੀਆਂ ਜ਼ਿੰਦਗੀਆਂ ਨਾਲ ਖਿਲਵਾੜ ਕਰਨਾ ਬੰਦ ਨਾ ਕੀਤਾ ਗਿਆ ਤਾਂ ਲੋਕਾਂ ਨੂੰ ਨਾਲ ਲੈ ਕੇ ਪਿੰਡ-ਪਿੰਡ ਪੰਜਾਬ ਸਰਕਾਰ ਦੇ ਪੁਤਲੇ ਫੂਕੇ ਜਾਣਗੇ, ਜਿਸ ਦੀ ਜ਼ੁੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ। ਇਸ ਲਈ ਸਾਡੀ ਮੰਗ ਹੈ ਕਿ ਆਂਗਨਵਾੜੀ ਸੈਂਟਰਾਂ ਵਿੱਚ ਚੰਗੀ ਕੁਆਲਟੀ ਵਾਲਾ ਰਾਸ਼ਨ ਹੀ ਭੇਜਿਆ ਜਾਵੇ ਤਾਂ ਜੋ ਆਂਗਨਵਾੜੀ ਵਰਕਰਾਂ ਤੇ ਹੈਲਪਰਾਂ ਸਾਫ ਸੁਥਰਾ ਰਾਸ਼ਨ ਲੋੜਵੰਦ ਤੇ ਸਬੰਧਤ ਲੋਕਾਂ ਕੋਲ ਪਹੁੰਚਾ ਸਕਣ।

ਕਾਤਰਾਂ

30 ਤੋਂ 7 ਅਗਸਤ ਤੱਕ 15 ਟਰੇਨਾਂ ਹੋਣਗੀਆਂ ਰੱਦ

ਫਿਰੋਜ਼ਪੁਰ (ਅਸ਼ੋਕ ਸ਼ਰਮਾ)-ਅੰਮ੍ਰਿਤਸਰ ਤੇ ਜੰਮੂ ਤਵੀ ਤੋਂ ਚੱਲਣ ਵਾਲੀਆਂ 15 ਟਰੇਨਾਂ ਨੂੰ ਰੱਦ ਕਰ ਦਿੱਤਾ ਗਿਆ ਹੈ।ਰੇਲਵੇ ਦੀ ਇਸ ਕਾਰਵਾਈ ਕਾਰਨ ਯਾਤਰੀਆਂ ਨੂੰ ਕਾਫੀ ਦਿੱਕਤਾਂ ਦਾ ਸਾਹਮਣਾ ਕਰਨਾ ਪਵੇਗਾ।ਇੰਟਰਲਾਕਿੰਗ ਨਾ ਹੋਣ ਕਾਰਨ 30 ਜੁਲਾਈ ਤੋਂ 7 ਅਗਸਤ ਤੱਕ ਉੱਤਰੀ ਰੇਲਵੇ ਦੇ ਮੁਰਾਦਾਬਾਦ ਰੇਲਵੇ ਡਵੀਜ਼ਨ ਦੇ ਅਧੀਨ ਰੋਜ਼ਾ ਸਟੇਸ਼ਨ 'ਤੇ ਬਲਾਕ ਹੈ, ਜਿਸ ਕਾਰਨ ਇਸ ਰੂਟ ਤੋਂ ਲੰਘਣ ਵਾਲੀਆਂ ਸਾਰੀਆਂ ਟਰੇਨਾਂ ਰੱਦ ਕਰ ਦਿੱਤੀਆਂ ਗਈਆਂ ਹਨ।ਇਨ੍ਹਾਂ ਵਿੱਚ ਅੰਮ੍ਰਿਤਸਰ ਤੋਂ ਚੱਲਣ ਵਾਲੀਆਂ ਟਰੇਨਾਂ ਵੀ ਸ਼ਾਮਲ ਹਨ।ਇਸ ਸਬੰਧੀ ਜਾਣਕਾਰੀ ਰੇਲਵੇ ਡਵੀਜ਼ਨ ਫਿਰੋਜ਼ਪੁਰ ਦੇ ਡੀ ਆਰ ਐੱਮ ਸੰਜੇ ਸਾਹੂ ਨੇ ਦਿੱਤੀ।

ਬੀ. ਐੱਡ ਦਾ ਨਤੀਜਾ ਸ਼ਾਨਦਾਰ

ਬਰੇਟਾ (ਗੀਤਵਾਲ)-ਸਥਾਨਕ ਸੰਸਥਾ ਮਾਤਾ ਗੁਰਦੇਵ ਕੌਰ ਮੈਮੋਰੀਅਲ ਐਜੂਕੇਸ਼ਨਲ ਇੰਸਟੀਚਿਊਟ ਬਰੇਟਾ ਦਾ ਬੀ.ਐੱਡ ਸੈਸ਼ਨ 2023-25 ਦੇ ਪਹਿਲੇ ਸਮੈਸਟਰ ਦਾ ਨਤੀਜਾ ਸ਼ਾਨਦਾਰ ਰਿਹਾ।ਇਸ ਨਤੀਜੇ ਵਿੱਚ ਸੁਨੀਤਾ 84%, ਪਵਨੀਤ ਰਾਣੀ 83.4%, ਨਰਿੰਦਰਪਾਲ ਕੌਰ 82% ਅੰਕ ਪ੍ਰਾਪਤ ਕਰਕੇ ਕ੍ਰਮਵਾਰ ਪਹਿਲੇ, ਦੂਜੇ ਤੇ ਤੀਜੇ ਸਥਾਨ 'ਤੇ ਰਹੀਆਂ ਅਤੇ ਲਗਭਗ ਸਾਰੇ ਹੀ ਵਿਦਿਆਰਥੀਆਂ ਨੇ 80% ਤੋਂ ਵੱਧ ਅੰਕ ਪ੍ਰਾਪਤ ਕੀਤੇ।ਸੰਸਥਾ ਦੇ ਚੇਅਰਮੈਨ ਐਡਵੋਕੇਟ ਪਰਮਿੰਦਰ ਸਿੰਘ ਕਟੌਦੀਆ ਨੇ ਪ੍ਰਿੰਸੀਪਲ, ਸਮੂਹ ਸਟਾਫ ਤੇ ਵਿਦਿਆਰਥੀਆਂ ਨੂੰ ਸ਼ਲਾਘਾਯੋਗ ਨਤੀਜੇ ਦੀ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ।

ਜੇ ਐੱਮ ਐੱਸ ਨੇ ਲਵਾਇਆ ਕੈਨੇਡਾ ਦਾ ਵੀਜ਼ਾ

ਬਾਘਾ ਪੁਰਾਣਾ (ਮਨੀ ਸਿੰਗਲਾ)-ਬਾਘਾ-ਪੁਰਾਣਾ ਸ਼ਹਿਰ ਦੀ ਮਸ਼ਹੂਰ 'ਤੇ ਮੰਨੀ ਪ੍ਰਮੰਨੀ ਸੰਸਥਾ ਜੇ. ਐੱਮ. ਐੱਸ. ਇਮੀਗ੍ਰੇਸ਼ਨ ਵੱਲੋਂ ਦਿਲਪ੍ਰੀਤ ਕੌਰ ਤੇ ਉਨ੍ਹਾਂ ਦੀ ਮਾਤਾ ਮਨਪ੍ਰੀਤ ਕੌਰ ਵਾਸੀ ਡਰੌਲੀ ਭਾਈ ਜ਼ਿਲ੍ਹਾ ਮੋਗਾ ਦਾ ਕੈਨੇਡਾ ਦਾ ਵਿਜ਼ਿਟਰ ਵੀਜ਼ਾ ਬਹੁਤ ਹੀ ਘੱਟ ਸਮੇਂ ਵਿੱਚ ਲਗਵਾ ਕੇ ਦਿੱਤਾ ਗਿਆ ਹੈ।ਦਿਲਪ੍ਰੀਤ ਕੌਰ ਤੇ ਉਨ੍ਹਾਂ ਦੀ ਮਾਤਾ ਮਨਪ੍ਰੀਤ ਕੌਰ ਨੇ ਆਪਣੀ ਖੁਸ਼ੀ ਸਾਂਝੀ ਕਰਦਿਆਂ ਕਿਹਾ ਕਿ ਉਸ ਨੂੰ ਬਹੁਤ ਹੀ ਜਲਦ ਜੇ. ਐੱਮ. ਐੱਸ. ਸੰਸਥਾ ਵੱਲੋਂ ਕੈਨੇਡਾ ਦਾ ਵਿਜ਼ਿਟਰ ਵੀਜ਼ਾ ਪ੍ਰਾਪਤ ਹੋਇਆ ਹੈ।ਦੱਸਣਯੋਗ ਹੈ ਕਿ ਮਾਹਰਾਂ ਦੀ ਦੇਖ-ਰੇਖ ਹੇਠ ਪਹਿਲਾਂ ਵੀਜ਼ੇ ਲਈ ਸਾਰੇ ਦਸਤਾਵੇਜ਼ ਤਸੱਲੀਬਖਸ਼ ਪੂਰੇ ਕੀਤੇ ਜਾਂਦੇ ਹਨ ਤੇ ਵਿਦੇਸ਼ਾਂ ਵਿੱਚ ਜਾਣ ਦੇ ਚਾਹਵਾਨਾਂ ਨੂੰ ਪਹਿਲੀ ਵਾਰ ਵਿੱਚ ਹੀ ਵੀਜ਼ਾ ਪ੍ਰਾਪਤ ਹੋ ਜਾਂਦਾ ਹੈ। ਸੰਸਥਾ ਵੱਲੋਂ ਵਿਜ਼ਿਟਰ ਵੀਜ਼ਾ, ਸਪਾਊਸ ਓਪਨ ਵਰਕ ਪਰਮਿਟ, ਸਟੱਡੀ ਵੀਜ਼ਾ ਬਹੁਤ ਹੀ ਘੱਟ ਸਮੇਂ ਵਿੱਚ ਲਗਵਾ ਕੇ ਦਿੱਤੇ ਜਾਂਦੇ ਹਨ।ਸੰਸਥਾ ਦੇ ਡਾਇਰੈਕਟਰ ਹਰਲਾਲ ਸਿੰਘ ਮਾਨ ਤੇ ਐੱਮ. ਡੀ. ਅੰਮ੍ਰਿਤਪਾਲ ਕੌਰ ਮਾਨ ਨੇ ਵੀਜ਼ਾ ਚਾਹਵਾਨਾਂ ਨੂੰ ਵੀਜ਼ਾ ਸੌਂਪਦਿਆਂ ਵਧਾਈ ਦਿੱਤੀ।

ਮੋਬਾਇਲ ਖੋਹਣ ਵਾਲੇ ਦੋ ਕਾਬੂ

ਦੋਰਾਹਾ (ਹਰਮਿੰਦਰ ਸਿੰਘ)-ਦੋਰਾਹਾ ਦੀ ਅੜੈਚਾ ਰੋਡ 'ਤੇ ਸ਼ਾਮ ਨੂੰ ਸੈਰ ਕਰ ਰਹੀ ਮਹਿਲਾ ਤੋਂ ਮੋਬਾਇਲ ਖੋਹ ਕੇ ਭੱਜਣ ਵਾਲਿਆਂ ਨੂੰ ਪੁਲਸ ਨੇ ਗ੍ਰਿਫਤਾਰ ਕੀਤਾ ਹੈ। ਗੁਰਿੰਦਰਪਾਲ ਦੇ ਬਿਆਨਾਂ 'ਤੇ ਪੁਲਸ ਨੇ ਮੁਕੱਦਮਾ ਨੰਬਰ 100 ਧਾਰਾ 304 ਬੀ ਐੱਸ ਐੱਨ ਦਰਜ ਕਰ ਲਿਆ ਹੈ।ਕਥਿਤ ਦੋਸ਼ੀਆਂ ਦੀ ਪਹਿਚਾਣ ਸ਼ੇਰ ਖਾਂ ਪੁੱਤਰ ਸਾਧੂ ਖਾਂ ਤੇ ਸਤਿੰਦਰਪਾਲ ਛਿੰਦਾ ਪਿੰਡ ਕੋਟ ਸੇਖੋਂ ਵਜੋਂ ਹੋਈ ਹੈ।

ਰਿਮਟ 'ਵਰਸਿਟੀ ਵਿਖੇ ਵਾਪਰੇ ਹਾਦਸੇ '

28 July - Page - 6-Advt.qxd 7/27/2024 10:54 PM Page 1

Public Notice

I, Jaspreet Kaur W/o Dharminder R/o H.No. 44 C, Guru Enclave Colony, Basti Danishmandan, Jalandhar declare that my full name is Jaspreet Kaur in which Jaspreet is a given name and Kaur is a surname. Please note. (B)

ਕੋਰਟ ਨੋਟਿਸ

ਬਾ-ਅਦਾਲਤ ਡਾ. ਜੈ ਇੰਦਰ ਸਿੰਘ ਪੀ ਸੀ ਐੱਸ ਸਹਾਇਕ ਕੁਲੈਕਟਰ ਦਰਜਾ ਪਹਿਲਾ-ਕਮ-ਉਪ ਮੰਡਲ ਮੈਜਿਸਟ੍ਰੇਟ, ਜਲੰਧਰ-1

ਕੇਸ ਨੰ. 10/ਆਰ ਈ ਏ/24

ਅਗਲੀ ਪੇਸ਼ੀ ਮਿਤੀ : 08-08-2024

(1)Narinder Kaur W/o Lakhjit Singh R/o Vill. Lohar Near Lambra, Tehsil Jalandhar-1, Distt. Jalandhar (2) Sarabjit Kaur D/o Lakhjit Singh now W/o Tarvinder Singh R/o Vill. Bashesharpur, Tehsil & Distt. Jalandhar (3) Rajinder Kaur D/o Lakhjit Singh now W/o Rajinder Singh R/o H.No. 954-955, Sanjay Gandhi Colony, Near Tajpur Road behind Vardhman Mill, Tehsil & Distt. Ludhiana .. (Appellant)

Versus

1, Harpreet Singh S/o Late Lakhjit Singh R/o Vill. Lohar, P.O. Partapura, Tehsil Jalandhar-I, Distt. Jalandhar at Present R/o 30 Greenbriar Road Brampton, Ontario, Canada, 16SIV7

(Respondents)

ਹਰ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਕਤ ਕੇਸ ਵਿੱਚ ਉਪਰੋਕਤ ਪਟੀਸ਼ਨਰ ਧਿਰਾਂ ਵੱਲੋਂ ਇੱਕ ਪਟੀਸ਼ਨ/ਅਪੀਲ /ਦਰਖਾਸਤ ਨਿਮਨਹਸਤਾਖਰ ਦੀ ਅਦਾਲਤ ਵਿੱਚ ਦਾਇਰ ਕੀਤੀ ਹੈ ਅਤੇ ਉਕਤ ਉਤਰਵਾਦੀਆਂ ਨੂੰ ਇਸ ਕੇਸ ਵਿੱਚ ਪਾਰਟੀ ਬਣਾਇਆ ਗਿਆ ਹੈ, ਜਿਸ ਦੀ ਅਗਲੀ ਤਰੀਕ ਪੇਸ਼ੀ 8/8/2024 ਸਮਾਇਤ ਲਈ ਮੁਕੱਰਰ ਕੀਤੀ ਗਈ ਹੈ।

ਉਪਰੋਕਤ ਦਰਸਾਏ ਤੱਥਾਂ ਨੂੰ ਮੁੱਖ ਰੱਖਦੇ ਹੋਏ ਇਸ ਨੋਟਿਸ ਰਾਹੀਂ ਹਰ ਆਮ ਤੇ ਖਾਸ ਅਤੇ ਉਕਤ ਉਤਰਵਾਦੀ ਧਿਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਕਤ ਮੁਕੱਦਮੇ ਸੰਬੰਧੀ ਜੇਕਰ ਕਿਸੇ ਵਿਅਕਤੀ/ਉਤਰਵਾਦੀ ਆਪਣਾ ਪੱਖ ਪੇਸ਼ ਕਰਨਾ ਚਾਹੁੰਦਾ ਹੈ ਤਾਂ ਉਹ ਅਸਾਲਤਨ ਤਾਂ ਵਕਾਲਤਨ ਇਸ ਅਦਾਲਤ ਵਿੱਚ ਮਿਤੀ 8/8/2024 ਸਮਾਂ 3.00 ਵਜੇ ਤੱਕ ਆਪਣੇ ਪੱਖ ਪੇਸ਼ ਕਰ ਸਕਦਾ ਹੈ। ਬਾਅਦ ਗੁਜ਼ਰਨੇ ਮਿਆਦ ਯਕਤਰਫਾ ਕਾਰਵਾਈ ਨਿਯਮਾਂ ਅਨੁਸਾਰ ਅਮਲ ਵਿੱਚ ਲਿਆਂਦੀ ਜਾਵੇਗੀ।

ਇਹ ਨੋਟਿਸ ਮਿਤੀ 18/7/2024 ਨੂੰ ਮੇਰੇ ਦਸਤਖਤ ਅਤੇ ਮੋਹਰ ਅਦਾਲਤ ਰਾਹੀਂ ਜਾਰੀ ਕੀਤਾ ਗਿਆ।

ਉਪ ਮੰਡਲ ਮੈਜਿਸਟ੍ਰੇਟ ਜਲੰਧਰ-1

ਨੰ. 399/ਜਲੰਧਰ, ਮਿਤੀ 22.07.2024

CITCITATION

IN THE COURT OF THE HON'BLE ADDL SENIOR CIVIL JUDGE (MACT) AT BIDAR

MVC No. 378/2022

1.Nenavath Saritha W/o Nenavath Ramesh, Age: 40 years, Occ: Household, 2. Nenavath Ramesh S/o Nenavath Danjya, Age: 50 years, Occ: Govt. Employee, 3. Nenavath Dhanraj S/o Nenavath Ramesh, Age: 22 years, Occ: Nil, 4. Nenavath Chandu S/o Nenavath Ramesh, Age: 15 years, Occ: minor, The Petitioner No. 4 is minor U/g of her natural mother/next friend Nenavath Saritha W/o Nenavath Ramesh. All R/o H. No. 1-45, Bommareddi Gudem village, Pulkal Mandal, Choutkur, Dist: Medak. Now residing at Shiv Nagar, Bidar. Petitioners

V/s

1. Simran Kour Chatta W/o Sukhbir Singh, Age: 45 years, Occ: Owner of Lorry Bearing Reg. No. PB-65-Z-0605, R/o Balewal village, Tehsil Ahmedgarh, Malerkotla Dist, Sangrur. (Punjab State). Pin- 502296.

2. Reliance General Ins. Co. Ltd., Asian plaza, Near Thimmapuri Circle, Kalaburagi. Through its Manager. Respondents

Claim Petition U/Sec. 166 of M.V. Act To,

The above named Respondent No.1,

Whereas, the above case the above named petitioners Nenavath Saritha W/o Nenavath Ramesh and others has filed a claim petition for awarded of compensation of Rs. 80,00,000/- out of M.V. Accident by Lorry Bearing Reg. No. PB-65-Z-0605, occurred On 09-10-2020 at about 03:35 p.m., near culvert outskirts of Almaipet village of Andole Mandal, Sangareddy district, on Hyderabad - Nanded main Road, on NH-161 and also filed application U/O V Rule 20 and the same is allowed by this Court.

Whereas, several times notices were issued by this court and they were returned as un-served either not found some other grounds, it appears that you are avoiding service of notice of the court.

You are hereby called upon to appear in this court in person or by pleader duly instructed on 2/9/2024 at 11.00 AM and submit your objection if any failing which the said application will be heard and determined in your absence as per law.

Given under my hand and seal of this court on this

By order of the court
Chief Ministerial Officer
Senior Civil Judge Court BIDAR
(Karnataka)

ਕੋਰਟ ਨੋਟਿਸ

ਬਾ-ਅਦਾਲਤ ਡਾ. ਜੈ ਇੰਦਰ ਸਿੰਘ ਪੀ ਸੀ ਐੱਸ ਸਹਾਇਕ ਕੁਲੈਕਟਰ ਦਰਜਾ ਪਹਿਲਾ-ਕਮ-ਉਪ ਮੰਡਲ ਮੈਜਿਸਟ੍ਰੇਟ, ਜਲੰਧਰ

ਕੇਸ ਨੰ. 15/ਆਰ ਈ ਏ/24

ਅਗਲੀ ਪੇਸ਼ੀ ਮਿਤੀ : 08-08-2024

(1)Narinder Kaur W/o Lakhjit Singh R/o Vill. Lohar Near Lambra, Tehsil Jalandhar-1, Distt. Jalandhar (2) Sarabjit Kaur D/o Lakhjit Singh now W/o Tarvinder Singh R/o Vill. Bashesharpur, Tehsil & Distt. Jalandhar (3) Rajinder Kaur D/o Lakhjit Singh now W/o Rajinder Singh R/o H.No. 954-955, Sanjay Gandhi Colony, Near Tajpur Road behind Vardhman Mill, Tehsil & Distt. Ludhiana .. (Appellant)

Versus

1, Harpreet Singh S/o Late Lakhjit Singh R/o Vill. Lohar, P.O. Partapura, Tehsil Jalandhar-I, Distt. Jalndhar at Present R/o 30 Greenbriar Road Brampton, Ontario, Canada, 16SIV7

(Respondents)

ਹਰ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਕਤ ਕੇਸ ਵਿੱਚ ਉਪਰੋਕਤ ਪਟੀਸ਼ਨਰ ਧਿਰਾਂ ਵੱਲੋਂ ਇੱਕ ਪਟੀਸ਼ਨ/ਅਪੀਲ /ਦਰਖਾਸਤ ਨਿਮਨਹਸਤਾਖਰ ਦੀ ਅਦਾਲਤ ਵਿੱਚ ਦਾਇਰ ਕੀਤੀ ਹੈ ਅਤੇ ਉਕਤ ਉਤਰਵਾਦੀਆਂ ਨੂੰ ਇਸ ਕੇਸ ਵਿੱਚ ਪਾਰਟੀ ਬਣਾਇਆ ਗਿਆ ਹੈ, ਜਿਸ ਦੀ ਅਗਲੀ ਤਰੀਕ ਪੇਸ਼ੀ 8/8/2024 ਸਮਾਇਤ ਲਈ ਮੁਕੱਰਰ ਕੀਤੀ ਗਈ ਹੈ।

ਉਪਰੋਕਤ ਦਰਸਾਏ ਤੱਥਾਂ ਨੂੰ ਮੁੱਖ ਰੱਖਦੇ ਹੋਏ ਇਸ ਨੋਟਿਸ ਰਾਹੀਂ ਹਰ ਆਮ ਤੇ ਖਾਸ ਅਤੇ ਉਕਤ ਉਤਰਵਾਦੀ ਧਿਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਕਤ ਮੁਕੱਦਮੇ ਸੰਬੰਧੀ ਜੇਕਰ ਕਿਸੇ ਵਿਅਕਤੀ/ਉਤਰਵਾਦੀ ਆਪਣਾ ਪੱਖ ਪੇਸ਼ ਕਰਨਾ ਚਾਹੁੰਦਾ ਹੈ ਤਾਂ ਉਹ ਅਸਾਲਤਨ ਤਾਂ ਵਕਾਲਤਨ ਇਸ ਅਦਾਲਤ ਵਿੱਚ ਮਿਤੀ 8/8/2024 ਸਮਾਂ 3.00 ਵਜੇ ਤੱਕ ਆਪਣੇ ਪੱਖ ਪੇਸ਼ ਕਰ ਸਕਦਾ ਹੈ। ਬਾਅਦ ਗੁਜ਼ਰਨੇ ਮਿਆਦ ਯਕਤਰਫਾ ਕਾਰਵਾਈ ਨਿਯਮਾਂ ਅਨੁਸਾਰ ਅਮਲ ਵਿੱਚ ਲਿਆਂਦੀ ਜਾਵੇਗੀ।

ਇਹ ਨੋਟਿਸ ਮਿਤੀ 18/7/2024 ਨੂੰ ਮੇਰੇ ਦਸਤਖਤ ਅਤੇ ਮੋਹਰ ਅਦਾਲਤ ਰਾਹੀਂ ਜਾਰੀ ਕੀਤਾ ਗਿਆ।

ਉਪ ਮੰਡਲ ਮੈਜਿਸਟ੍ਰੇਟ ਜਲੰਧਰ-1

ਨੰ. 399/ਜਲੰਧਰ, ਮਿਤੀ 22.07.2024

ਕੋਰਟ ਨੋਟਿਸ

ਬਾ-ਅਦਾਲਤ ਡਾ. ਜੈ ਇੰਦਰ ਸਿੰਘ ਪੀ ਸੀ ਐੱਸ ਸਹਾਇਕ ਕੁਲੈਕਟਰ ਦਰਜਾ ਪਹਿਲਾ-ਕਮ-ਉਪ ਮੰਡਲ ਮੈਜਿਸਟ੍ਰੇਟ, ਜਲੰਧਰ

ਕੇਸ ਨੰ. 15/ਆਰ ਈ ਏ/24

ਅਗਲੀ ਪੇਸ਼ੀ ਮਿਤੀ : 08-08-2024

(1)Narinder Kaur W/o Lakhjit Singh R/o Vill. Lohar Near Lambra, Tehsil Jalandhar-1, Distt. Jalandhar (2) Sarabjit Kaur D/o Lakhjit Singh now W/o Tarvinder Singh R/o Vill. Bashesharpur, Tehsil & Distt. Jalandhar (3) Rajinder Kaur D/o Lakhjit Singh now W/o Rajinder Singh R/o H.No. 954-955, Sanjay Gandhi Colony, Near Tajpur Road behind Vardhman Mill, Tehsil & Distt. Ludhiana .. (Appellant)

Versus

1, Harpreet Singh S/o Late Lakhjit Singh R/o Vill. Lohar, P.O. Partapura, Tehsil Jalandhar-I, Distt. Jalndhar at Present R/o 30 Greenbriar Road Brampton, Ontario, Canada, 16SIV7

(Respondents)

ਹਰ ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਕਤ ਕੇਸ ਵਿੱਚ ਉਪਰੋਕਤ ਪਟੀਸ਼ਨਰ ਧਿਰਾਂ ਵੱਲੋਂ ਇੱਕ ਪਟੀਸ਼ਨ/ਅਪੀਲ /ਦਰਖਾਸਤ ਨਿਮਨਹਸਤਾਖਰ ਦੀ ਅਦਾਲਤ ਵਿੱਚ ਦਾਇਰ ਕੀਤੀ ਹੈ ਅਤੇ ਉਕਤ ਉਤਰਵਾਦੀਆਂ ਨੂੰ ਇਸ ਕੇਸ ਵਿੱਚ ਪਾਰਟੀ ਬਣਾਇਆ ਗਿਆ ਹੈ, ਜਿਸ ਦੀ ਅਗਲੀ ਤਰੀਕ ਪੇਸ਼ੀ 8/8/2024 ਸਮਾਇਤ ਲਈ ਮੁਕੱਰਰ ਕੀਤੀ ਗਈ ਹੈ।

ਉਪਰੋਕਤ ਦਰਸਾਏ ਤੱਥਾਂ ਨੂੰ ਮੁੱਖ ਰੱਖਦੇ ਹੋਏ ਇਸ ਨੋਟਿਸ ਰਾਹੀਂ ਹਰ ਆਮ ਤੇ ਖਾਸ ਅਤੇ ਉਕਤ ਉਤਰਵਾਦੀ ਧਿਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਉਕਤ ਮੁਕੱਦਮੇ ਸੰਬੰਧੀ ਜੇਕਰ ਕਿਸੇ ਵਿਅਕਤੀ/ਉਤਰਵਾਦੀ ਆਪਣਾ ਪੱਖ ਪੇਸ਼ ਕਰਨਾ ਚਾਹੁੰਦਾ ਹੈ ਤਾਂ ਉਹ ਅਸਾਲਤਨ ਤਾਂ ਵਕਾਲਤਨ ਇਸ ਅਦਾਲਤ ਵਿੱਚ ਮਿਤੀ 8/8/2024 ਸਮਾਂ 3.00 ਵਜੇ ਤੱਕ ਆਪਣੇ ਪੱਖ ਪੇਸ਼ ਕਰ ਸਕਦਾ ਹੈ। ਬਾਅਦ ਗੁਜ਼ਰਨੇ ਮਿਆਦ ਯਕਤਰਫਾ ਕਾਰਵਾਈ ਨਿਯਮਾਂ ਅਨੁਸਾਰ ਅਮਲ ਵਿੱਚ ਲਿਆਂਦੀ ਜਾਵੇਗੀ।

ਇਹ ਨੋਟਿਸ ਮਿਤੀ 18/7/2024 ਨੂੰ ਮੇਰੇ ਦਸਤਖਤ ਅਤੇ ਮੋਹਰ ਅਦਾਲਤ ਰਾਹੀਂ ਜਾਰੀ ਕੀਤਾ ਗਿਆ।

ਉਪ ਮੰਡਲ ਮੈਜਿਸਟ੍ਰੇਟ, ਜਲੰਧਰ-1

ਨੰ. 300/ਜਲੰਧਰ, ਮਿਤੀ 22.07.2024

ਇਨਕਮ ਟੈਕਸ ਰਿਟਰਨ ਭਰਨ ਦੀ ਤਰੀਕ ਮਹੀਨੇ ਲਈ ਵਧਾਈ ਜਾਵੇ: ਅਗਨੀਹੋਤਰੀ

ਤਰਨ ਤਾਰਨ (ਪ੍ਰਿਤਪਾਲ ਸਿੰਘ)- ਸ਼ਹਿਰ ਦੇ ਸੀਨੀਅਰ ਐਡਵੋਕੇਟ ਆਦੇਸ਼ ਅਗਨੀਹੋਤਰੀ ਨੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਵਿੱਤ ਮੰਤਰੀ ਨਿਰਮਲਾ ਸੀਤਾਰਮਨ, ਸੈਂਟਰਲ ਬੋਰਡ ਆਫ਼ ਡਾਇਰੈਕਟ ਟੈਕਸਿਜ਼ ਨੂੰ ਇੱਕ ਈਮੇਲ ਭੇਜ ਕੇ ਘੱਟੋ-ਘੱਟ 1 ਮਹੀਨੇ ਦੀ ਤਰੀਕ ਵਧਾਉਣ ਦੀ ਮੰਗ ਕੀਤੀ ਹੈ ਤਾਂ ਜੋ ਕੋਈ ਰਿਟਰਨ ਨਾ ਰਹਿ ਜਾਵੇ, ਨਹੀਂ ਤਾਂ ਇਸ ਤੋਂ ਬਾਅਦ ਜੁਰਮਾਨੇ ਦੀ ਵਿਵਸਥਾ ਹੈ।ਅਗਨੀਹੋਤਰੀ ਨੇ ਕਿਹਾ ਕਿ ਆਮਦਨ ਕਰ ਦੇ ਮੁਲਾਂਕਣਾਂ ਵਿੱਚ ਵਾਧੇ ਅਤੇ ਸਾਈਟ ਨੂੰ ਅੱਪਡੇਟ ਨਾ ਕੀਤੇ ਜਾਣ ਕਾਰਨ ਕੁਝ ਹੀ ਸਾਲਾਂ ਵਿੱਚ ਟੈਕਸ ਦੇਣ ਵਾਲਿਆਂ ਦੀ ਗਿਣਤੀ ਕਈ ਗੁਣਾ ਵਧ ਗਈ ਹੈ ਅਤੇ ਪਰਿਵਾਰ ਦਾ ਹਰ ਮੈਂਬਰ ਇਹ ਸਮਝਦਾ ਹੈ ਕਿ ਉਹ ਸਾਰੇ ਮੈਂਬਰ ਜਿਨ੍ਹਾਂ ਦੀ ਉਮਰ 18 ਸਾਲ ਤੋਂ ਉੱਪਰ ਹੈ, ਉਨ੍ਹਾਂ ਨੂੰ ਆਪਣੀ ਆਮਦਨ ਦੇ ਅਨੁਸਾਰ ਰਿਟਰਨ ਭਰਨੀ ਚਾਹੀਦੀ ਹੈ।ਇਨਕਮ ਟੈਕਸ ਦੀ ਮਹੱਤਤਾ ਦਿਨੋਂ-ਦਿਨ ਵਧਦੀ ਜਾ ਰਹੀ ਹੈ।ਜੇਕਰ ਕਿਸੇ ਵਪਾਰੀ ਨੇ ਕਰਜ਼ਾ ਲੈਣਾ ਹੋਵੇ ਜਾਂ ਕਿਸੇ ਨੇ ਵਿਦੇਸ਼ ਜਾਣਾ ਹੋਵੇ ਜਾਂ ਕਿਸੇ ਨੇ ਆਪਣਾ ਸਫੈਦ ਮਨੀ ਵਰਤਣਾ ਹੋਵੇ ਤਾਂ ਸਾਰੇ ਤਨਖਾਹਦਾਰ ਲੋਕ ਅਤੇ ਕਾਰੋਬਾਰੀ ਵੱਧ ਤੋਂ ਵੱਧ ਇਨਕਮ ਟੈਕਸ ਭਰਨ ਅਤੇ ਰਿਟਰਨ ਭਰਨ ਅਤੇ ਜੁਰਮਾਨੇ ਤੋਂ ਬਚਣ ਦੀ ਕੋਸ਼ਿਸ਼ ਕਰਦੇ ਹਨ।ਕੁਝ ਸਾਲ ਪਹਿਲਾਂ ਤਨਖ਼ਾਹਦਾਰਾਂ ਲਈ ਰਿਟਰਨ ਭਰਨ ਦੀ ਆਖ਼ਰੀ ਤਰੀਕ ਜੂਨ ਦਾ ਮਹੀਨਾ ਸੀ ਅਤੇ ਕਾਰੋਬਾਰੀਆਂ ਲਈ ਜੁਲਾਈ ਦਾ ਮਹੀਨਾ ਸੀ ਪਰ ਹੁਣ ਦੋਵੇਂ ਤਰੀਕਾਂ ਮਿਲਾ ਦਿੱਤੀਆਂ ਗਈਆਂ ਹਨ, ਜਿਸ ਨਾਲ ਵੈੱਬਸਾਈਟ 'ਤੇ ਬੋਝ ਪੈਂਦਾ ਹੈ।ਇਸ ਸਮੇਂ ਸਾਈਟ ਵਿੱਚ ਕੋਈ ਸਮੱਸਿਆ ਹੈ।ਆਮਦਨ ਕਰ ਅਧਿਕਾਰੀਆਂ ਦਾ ਫਰਜ਼ ਬਣਦਾ ਹੈ ਕਿ ਉਹ ਇਸ ਬਾਰੇ ਸਰਕਾਰ ਨੂੰ ਜਾਣੂ ਕਰਵਾਉਣ ਅਤੇ ਤਰੀਕਾਂ ਨੂੰ ਵੱਖਰਾ ਕਰਨ।

Court Notice

(U/o 5 Rule 20 CPC)
In The Court Of
Gurmeet Tiwana
Civil Judge (Senior Division), Kapurthala
CNR No. PBKP02-000113-2024
Next Date:-29.08.2024

Kamaljit Aged 63 Years S/o Dalipa R/o Mehendi Chowk, H.No. 437, Mehtabgarh, Kapurthala

Vs.

General Public and others
Suit for declaration

Publication Issued to : Defendant No. 1, 1. General Public

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 29-08-2024 at 10:00 a.m.

For details logon to https://highcourtchd.gov.in/?trs-district notice& district =Kapurthala

Civil Judge (Senior Division), Kapurthala

Dated, this day of 25-07-2024

ਦਫਤਰ ਸੀਨੀਅਰ ਮੈਡੀਕਲ ਅਫਸਰ ਇੰ. ਪੀ. ਐੱਚ. ਸੀ. ਹਾਜੀਪੁਰ

ਤਸਦੀਕ ਕੀਤਾ ਜਾਂਦਾ ਹੈ ਕਿ ਮਿਤੀ 03-08-2024 ਨੂੰ ਸਵੇਰੇ 10.00 ਵਜੇ ਤੋਂ 11 ਵਜੇ ਤੱਕ ਹਸਪਤਾਲ ਦੇ 5 ਦਰੱਖਤਾਂ ਦੀ ਨਿਲਾਮੀ ਕੀਤੀ ਜਾਣੀ ਹੈ। ਚਾਹਵਾਨ ਵਿਅਕਤੀ ਮਿਤੀ 03-08-2024 ਨੂੰ ਨਿਲਾਮੀ ਦੇ ਸਕਦਾ ਹੈ। ਪੰਜ ਦਰੱਖਤਾਂ ਦੀ ਸਰਕਾਰੀ ਕੀਮਤ 6659.00 ਰੁਪਏ ਹੈ।

ਬਾ-ਹੁਕਮ ਸੀਨੀਅਰ ਮੈਡੀਕਲ ਅਫਸਰ
ਇੰ. ਪੀ. ਐੱਚ. ਸੀ. ਹਾਜੀਪੁਰ

ਬਜਾਜ ਫਿਨਸਰਵ ਏਐੱਮਸੀ ਵੱਲੋਂ ਬਜਾਜ ਫਿਨਸਰਵ ਲਾਰਜ ਕੈਪ ਫੰਡ ਲਾਂਚ

ਲੁਧਿਆਣਾ : ਬਜਾਜ ਫਿਨਸਰਵ ਅਸੈੱਟ ਮੈਨਜਮੈਂਟ ਲਿਮਿਟਿਡ ਨੇ ਬਜਾਜ ਫਿਨਸਰਵ ਲਾਰਜ ਕੈਪ ਫੰਡ ਤਹਿਤ ਇਸ ਸ਼੍ਰੇਣੀ ਵਿੱਚ ਇੱਕ ਵਿਲੱਖਣ ਫੰਡ, ਇੱਕ ਉਚ ਸਰਗਰਮ ਸ਼ੇਅਰ ਅਤੇ ਚੋਣਵੇਂ 25-30 ਸਟਾਕਾਂ 'ਤੇ ਕੇਂਦ੍ਰਿਤ ਰਣਨੀਤੀ ਦੇ ਨਾਲ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ।ਫੰਡ ਦਾ ਮਕਸਦ ਇਸ ਵਿਲੱਖਣ ਤਰੀਕੇ ਰਾਹੀਂ ਲੰਬੇ ਸਮੇਂ ਲਈ ਬਿਹਤਰ ਜੋਖਮ-ਵਿਵਸਥਿਤ ਰਿਟਰਨ ਪ੍ਰਦਾਨ ਕਰਨਾ ਹੈ।ਬਜਾਜ ਫਿਨਸਰਵ ਐਸੱਟ ਮੈਨੇਜਮੈਂਟ ਲਿਮਟਿਡ ਦੁਆਰਾ ਇੱਕ ਤਾਜ਼ਾ ਅਧਿਐਨ ਦਰਸਾਉਂਦਾ ਹੈ ਕਿ ਵੱਡੇ ਕੈਪਸ ਦਾ ਮੌਜੂਦਾ ਮੁਲਾਂਕਣ ਉਨ੍ਹਾਂ ਦੀ 23.1 ਦੀ ਲੰਮੀ-ਮਿਆਦ ਦੀ ਔਸਤ ਦੇ ਨੇੜੇ ਹੈ। ਵਿਲੱਖਣ ਮੌਕਾ ਪ੍ਰਦਾਨ ਕਰਦਾ ਹੈ।

ਸੈਕਟਰ 68 ਤੇ ਅਵੇਵ ਸਟੇਟ ਦੀ ਕਿੱਟੀ ਪਾਰਟੀ ਵੱਲੋਂ ਤੀਆਂ ਦਾ ਤਿਉਹਾਰ ਮਨਾਇਆ

ਐੱਸ. ਏ. ਐੱਸ. ਨਗਰ (ਗੁਰਜੀਤ ਬਿੱਲਾ)- ਸਥਾਨਕ ਸੈਕਟਰ 68 ਅਤੇ ਵੇਵ ਅਸਟੇਟ ਦੀ ਕਿੱਟੀ ਪਾਰਟੀ ਵੱਲੋਂ ਅੱਜ ਕੈਫੇ ਫਲੋਰ ਵੈਲ ਵਿਖੇ ਤੀਆਂ ਦਾ ਤਿਉਹਾਰ ਬੜੇ ਜੋਸ਼ੋ ਖਰੋਸ਼ ਨਾਲ ਮਨਾਇਆ ਗਿਆ। ਜਿਸ ਵਿਚ 100 ਦੇ ਕਰੀਬ ਮਹਿਲਾਵਾਂ ਨੇ ਭਾਗ ਲਿਆ। ਅਜੋਕੇ ਸਮੇਂ ਵਿਚ ਖੁੱਲ੍ਹੇ ਖੜੇ ਲੱਗਣੇ ਬੰਦ ਹੋ ਜਾਣ ਦੇ ਚੱਲਦਿਆਂ ਸਥਾਨਕ ਮਹਿਲਾ ਵੱਲੋਂ ਆਪਣੇ ਪੱਧਰ ਤੇ ਸਭਿਆਚਾਰਕ ਪ੍ਰੋਗਰਾਮ ਕਰਵਾਇਆ ਗਿਆ, ਜਿਸ ਵਿਚ ਪ੍ਰਸਿੱਧ ਗਾਇਕਾ ਅਰਵਿੰਦਰ ਪਾਲ ਕੌਰ ਤੇ ਪਲਵਿੰਦਰ ਸਿੰਘ ਤੇ ਢੋਲੀ ਜੱਸੀ ਨੇ ਖ਼ੂਬ ਰੌਣਕਾਂ ਲਾਈਆਂ। ਇਸ ਤੀਆਂ ਦੇ ਤਿਉਹਾਰ ਮੌਕੇ ਮਹਿਲਾਵਾਂ ਵਲੋਂ ਚਰਖਾ ਕੱਤਣ, ਛੱਜ ਤੋੜਨ ਦਾ ਵੀ ਪ੍ਰਦਰਸ਼ਨ ਕੀਤਾ ਗਿਆ। ਇਸ ਦੀਆਂ ਦੇ ਮੇਲੇ ਵਿਚ ਪੰਜਾਬ ਤੋਂ ਵੱਖ ਵੱਖ ਜਿਨ੍ਹਾਂ ਦੀਆਂ ਮਹਿਲਾਵਾਂ ਭਾਗ ਲਿਆ ਇਸ ਮੇਲੇ ਵਿਚ ਨੌਜਵਾਨ, ਬੱਚਿਆਂ ਤੇ ਬੁੱਢਿਆਂ ਮਹਿਲਾਵਾਂ ਵਲੋਂ ਸਜ ਧਜ ਕੇ ਹਿੱਸਾ ਲਿਆ ਗਿਆ ਅਤੇ ਬੋਲੀਆਂ ਪਾਕੇ, ਗੀਤ ਗਾ ਕੇ ਮੇਲੇ ਵਿਚ ਖ਼ੂਬ ਰੰਗ ਬੰਨਿਆਂ।

ਤੀਆਂ ਦੇ ਤਿਉਹਾਰ ਨੂੰ ਸ਼ਾਨਦਾਰ ਢੰਗ ਨਾਲ ਮਨਾਉਣ ਲਈ ਸਤਪਾਲ ਕੌਰ ਸਮਾਜ ਸੇਵਕਾ, ਕੰਤਾਂ ਸ਼ਰਮਾ, ਅਵਤਾਰ ਕੌਰ, ਪ੍ਰਦੀਪ ਕੌਰ, ਸਰਬਜੀਤ ਕੌਰ, ਸੁਨੀਤਾ ਗੋਇਲ, ਜਗਜੀਤ ਕੌਰ, ਸਿਮਰਨ ਕੌਰ, ਗਗਨਦੀਪ ਕੌਰ, ਪ੍ਰੀਤੀ ਡੋਗਰਾ ਆਦਿ ਨੇ ਵੱਧ ਚੜ ਕੇ ਹਿੱਸਾ ਪਾਇਆ

ਮੁਲਾਜ਼ਮ ਲਹਿਰਾਂ ਦੇ ਭੀਸ਼ਮ ਪਿਤਾਮਾ ਸਦਾ ਯਾਦ ਰੱਖੇ ਜਾਣਗੇ : ਪ੍ਰਿੰਸੀਪਲ ਬੁੱਧ ਰਾਮ

ਪਰਵਾਰ ਨਾਲ ਦੁੱਖ ਸਾਂਝਾ ਕਰਨ ਮੌਕੇ ਪ੍ਰਿੰਸੀਪਲ ਬੁੱਧ ਰਾਮ, ਗੁਰਮੇਲ ਸਿੰਘ ਸਿੱਧੂ ਤੇ ਹੋਰ।

ਸ਼ਾਹਕੋਟ (ਗਿਆਨ ਸੈਦਪੁਰੀ)—ਆਮ ਆਦਮੀ ਪਾਰਟੀ ਦੇ ਵਿਧਾਇਕ ਅਤੇ ਪਾਰਟੀ ਦੇ ਕਾਰਜਕਾਰੀ ਸੂਬਾ ਪ੍ਰਧਾਨ ਪ੍ਰਿੰਸੀਪਲ ਬੁੱਧ ਰਾਮ, ਮੁਲਾਜ਼ਮ ਵਿੰਗ ਦੇ ਸੂਬਾ ਮੀਤ ਪ੍ਰਧਾਨ ਗੁਰਮੇਲ ਸਿੰਘ ਸਿੱਧੂ ਨੇ ਬੀਤੇ ਦਿਨੀਂ ਸਵਰਗ ਸਿਧਾਰ ਚੁੱਕੇ ਮੁਲਾਜ਼ਮ ਲਹਿਰਾਂ ਦੇ ਭੀਸ਼ਮ ਪਿਤਾਮਾ ਰਣਬੀਰ ਸਿੰਘ ਢਿੱਲੋਂ ਦੇ ਘਰ ਪਹੁੰਚ ਕੇ ਉਨ੍ਹਾਂ ਦੇ ਪੁੱਤਰ ਡਾ. ਅਮਰਦੀਪ ਸਿੰਘ ਢਿੱਲੋਂ ਅਤੇ ਨੂੰਹ ਡਾ. ਜੀਵਨਜੋਤ ਕੌਰ ਢਿੱਲੋਂ ਨਾਲ ਦੁੱਖ ਸਾਂਝਾ ਕੀਤਾ। ਮੁਲਾਜ਼ਮ ਆਗੂ ਦਰਸ਼ਨ ਸਿੰਘ ਪਤਲੀ ਵੀ ਇਸ ਮੌਕੇ ਹਾਜ਼ਰ ਸਨ।

ਵਿਧਾਇਕ ਬੁੱਧ ਰਾਮ ਨੇ ਸਵਰਗੀ ਢਿੱਲੋਂ ਵੱਲੋਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਮੰਗਾਂ ਲਈ ਲੰਬਾ ਸਮਾਂ ਕੀਤੇ ਸੰਘਰਸ਼ਾਂ ਨੂੰ ਯਾਦ ਕਰਦਿਆਂ ਕਿਹਾ ਕਿ ਉਹ ਮੁਲਾਜ਼ਮਾਂ ਨੂੰ ਵਿੱਤੀ ਲਾਭ, ਤਰੱਕੀਆਂ ਅਤੇ ਮੁਲਾਜ਼ਮਾਂ ਦੇ ਅੜਚਣਾਂ ਵਾਲੇ ਮਸਲੇ ਸਰਕਾਰੀ ਚਿੱਠੀਆਂ ਦੇ ਹਵਾਲੇ ਅਤੇ ਆਪਣੀਆਂ ਦਲੀਲਾਂ ਨਾਲ ਹੱਲ ਕਰਵਾਉਣ ਦੀ ਹਿੰਮਤ ਰੱਖਦੇ ਸਨ ਅਤੇ ਵੱਖ-ਵੱਖ ਮਹਿਕਮਿਆਂ ਦੇ ਸੀਨੀਅਰ ਅਧਿਕਾਰੀ ਵੀ ਉਨ੍ਹਾਂ ਦੀ ਸੂਝ-ਬੂਝ ਦੀਆਂ ਤਰੀਫ਼ਾਂ ਕਰਦੇ ਸਨ। ਉਨ੍ਹਾਂ ਦਾ ਸਮੁੱਚੇ ਮੁਲਾਜ਼ਮ ਅਤੇ ਪੈਨਸ਼ਨਰ ਵਰਗ ਵਿੱਚ ਨਾਂ ਹਮੇਸ਼ਾਂ ਗੂੰਜਦਾ ਰਹੇਗਾ।ਮੁਲਾਜ਼ਮ ਆਗੂ ਗੁਰਮੇਲ ਸਿੰਘ ਸਿੱਧੂ ਨੇ ਕਿਹਾ ਕਿ ਉਨ੍ਹਾਂ ਮੁਲਾਜ਼ਮ ਲ

28-JULY-PAGE-7.qxd 7/27/2024 10:49 PM Page 1

ਸਫਲਤਾ ਦੀਆਂ ਕਹਾਣੀਆਂ ਸਾਂਝੀਆਂ ਕਰਨਾ ਮਹੱਤਵਪੂਰਨ : ਕਮਲਦੀਪ ਕੌਰ

ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)—ਸਰਕਾਰੀ ਐਲੀਮੈਂਟਰੀ ਸਕੂਲ ਪੁਰਹੀਰਾ ਵਿਖੇ ਅਧਿਆਪਕਾਂ ਨਾਲ ਮੀਟਿੰਗ ਦੌਰਾਨ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਸਿੱਖਿਆ ਕਮਲਦੀਪ ਕੌਰ ਨੇ ਦਾਖਲਾ ਵਧਾਉਣ ਲਈ ਸਰਕਾਰੀ ਸਕੂਲਾਂ ਦੀਆਂ ਪ੍ਰਾਪਤੀਆਂ ਨੂੰ ਅੱਗੇ ਵਧਾਉਣ 'ਤੇ ਜੋਰ ਦਿੱਤਾ। ਉਨ੍ਹਾਂ ਨੇ ਜੋਰ ਦੇ ਕੇ ਕਿਹਾ ਕਿ ਅਧਿਆਪਕਾਂ ਲਈ ਸਰਕਾਰੀ ਸਕੂਲਾਂ ਵੱਲੋਂ ਦਿੱਤੀਆਂ ਜਾਂਦੀਆਂ ਸਹੂਲਤਾਂ ਅਤੇ ਸਫਲਤਾ ਦੀਆਂ ਕਹਾਣੀਆਂ ਨੂੰ ਮਾਪਿਆਂ ਅਤੇ ਸਮਾਜ ਨਾਲ ਸਾਂਝਾ ਕਰਨਾ ਜਰੂਰੀ ਹੈ। ਸਰਕਾਰੀ ਸਕੂਲਾਂ ਵਿੱਚ ਕੀਤੀਆਂ ਗਈਆਂ ਵੱਖ-ਵੱਖ ਪਹਿਲਕਦਮੀਆਂ ਅਤੇ ਸੁਧਾਰਾਂ ਜਿਵੇਂ ਕਿ ਬਿਹਤਰ ਬੁਨਿਆਦੀ ਢਾਂਚੇ, ਡਿਜੀਟਲ ਕਲਾਸਰੂਮ ਅਤੇ ਅਧਿਆਪਕਾਂ ਲਈ ਸਿਖਲਾਈ ਪ੍ਰੋਗਰਾਮਾਂ ਨੂੰ ਉਜਾਗਰ ਕਰਕੇ ਸ਼ੁਰੂਆਤ ਕੀਤੀ। ਉਹਨਾਂ ਕਿਹਾ ਇਹਨਾਂ ਪ੍ਰਾਪਤੀਆਂ ਨੂੰ ਮਾਪਿਆਂ ਅਤੇ ਭਾਈਚਾਰੇ ਨੂੰ ਦਿਖਾਉਣਾ ਮਹੱਤਵਪੂਰਨ ਹੈ ਤਾਂ ਜੋ ਉਹ ਸਾਡੇ ਦੁਆਰਾ ਪ੍ਰਦਾਨ ਕੀਤੀ ਗੁਣਵੱਤਾ ਵਾਲੀ ਸਿੱਖਿਆ ਬਾਰੇ ਜਾਣ ਸਕਣ। ਸੈਂਟਰ ਹੈੱਡ ਟੀਚਰ ਸੰਗੀਤਾ ਵਾਸੂਦੇਵ ਨੇ ਆਪਣਾ ਤਜਰਬਾ ਸਾਂਝਾ ਕੀਤਾ ਕਿ ਕਿਵੇਂ ਓਹਨਾਂ ਨੇ ਇੱਕ ਮਾਪੇ-ਅਧਿਆਪਕ ਮੀਟਿੰਗ ਦਾ ਆਯੋਜਨ ਕੀਤਾ ਅਤੇ ਸਕੂਲ ਦੀਆਂ ਪ੍ਰਾਪਤੀਆਂ ਦਾ ਇੱਕ ਸਲਾਈਡ ਸ਼ੋਅ ਪੇਸ਼ ਕੀਤਾ, ਜਿਸ ਵਿੱਚ ਵਿਦਿਆਰਥੀਆਂ ਦੇ ਪ੍ਰੋਜੈਕਟ ਅਤੇ ਖੇਡਾਂ ਅਤੇ ਵਿੱਦਿਅਕ ਖੇਤਰ ਵਿੱਚ ਪ੍ਰਾਪਤੀਆਂ ਸ਼ਾਮਲ ਸਨ। ਉਹਨਾਂ ਦੱਸਿਆ ਕੇ ਮਾਪੇ ਸਾਡੇ ਦੁਆਰਾ ਪ੍ਰਦਾਨ ਕੀਤੀਆਂ ਸਹੂਲਤਾਂ ਤੋਂ ਪ੍ਰਭਾਵਿਤ ਅਤੇ ਹੈਰਾਨ ਹੋਏ। ਜ਼ਿਲ੍ਹਾ ਸਿੱਖਿਆ ਅਫਸਰ ਨੇ ਅਧਿਆਪਕਾਂ ਨੂੰ ਸਰਕਾਰੀ ਸਕੂਲਾਂ ਦੀਆਂ ਪ੍ਰਾਪਤੀਆਂ ਬਾਰੇ ਲੋਕਾਂ ਨੂੰ ਦੱਸਣ ਲਈ ਸੋਸਲ ਮੀਡੀਆ, ਪੈਂਫਲਿਟ ਅਤੇ ਸਥਾਨਕ ਅਖਬਾਰਾਂ ਦੀ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ। ਉਹਨਾਂ ਕਿਹਾ ਕਿ ਸਾਨੂੰ ਇਸ ਧਾਰਨਾ ਨੂੰ ਬਦਲਣ ਦੀ ਲੋੜ ਹੈ ਕਿ ਸਰਕਾਰੀ ਸਕੂਲ ਪ੍ਰਾਈਵੇਟ ਸਕੂਲਾਂ ਨਾਲੋਂ ਕਿਸੇ ਪ੍ਰਕਾਰ ਵੀ ਘੱਟ ਹਨ। ਉਹਨਾਂ ਅਧਿਆਪਕਾਂ ਨੂੰ ਇਹ ਵੀ ਸਲਾਹ ਦਿੱਤੀ ਕਿ ਉਹ ਸਕੂਲ ਦੇ ਪ੍ਰੋਗਰਾਮਾਂ ਅਤੇ ਗਤੀਵਿਧੀਆਂ ਜਿਵੇਂ ਕਿ ਵਿਗਿਆਨ ਮੇਲਿਆਂ, ਸੱਭਿਆਚਾਰਕ ਪ੍ਰੋਗਰਾਮਾਂ ਅਤੇ ਖੇਡ ਮੁਕਾਬਲਿਆਂ ਲਈ ਮਾਪਿਆਂ ਨੂੰ ਸੱਦਾ ਦੇਣ ਅਤੇ ਸਕੂਲ ਦੇ ਮਾਹੌਲ ਅਤੇ ਸਹੂਲਤਾਂ ਦਾ ਤਜਰਬਾ ਸਾਂਝਾ ਕਰਨ। ਮੀਟਿੰਗ ਦੇ ਅੰਤ ਵਿੱਚ ਅਧਿਆਪਕਾਂ ਨੇ ਸਿੱਖਿਆ ਅਫਸਰ ਦੇ ਸੁਝਾਵਾਂ ਨੂੰ ਲਾਗੂ ਕਰਨ ਲਈ ਅਤੇ ਦਾਖਲਾ ਗਿਣਤੀ ਵਧਾਉਣ ਦਾ ਸੰਕਲਪ ਲਿਆ। ਇਸ ਮੌਕੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਜਸਵਿੰਦਰ ਸਿੰਘ ਬਾਂਸਲ, ਬਲਾਕ ਨੋਡਲ ਅਫਸਰ ਜਗਤਾਰ ਸਿੰਘ, ਜੋਤੀ, ਜ਼ਿਲ੍ਹਾ ਸਮਾਰਟ ਕਲਾਸਰੂਮ ਕੋਆਰਡੀਨੇਟਰ ਸਤੀਸ ਕੁਮਾਰ ਸ਼ਰਮਾ ਆਦਿ ਹਾਜਰ ਸਨ।

ਸਮਾਜ ਸੇਵੀ ਤੇ ਦਾਨੀ ਸੱਜਣ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਨੂੰ ਰਾਸ਼ੀ ਭੇਟ

ਸ੍ਰੀ ਚਮਕੌਰ ਸਾਹਿਬ, (ਗੁਰਵਿੰਦਰਪਾਲ ਸਿੰਘ ਬੰਬੀ) ਨਜ਼ਦੀਕੀ ਪਿੰਡ ਖੇੜੀ ਸਲਾਬਤਪੁਰ ਦੇ ਪ੍ਰਾਇਮਰੀ ਸਕੂਲ ਵਿੱਚ ਬਣੇ ਸੇਵਾ ਸਿੰਘ ਰੀਹਲ ਐਡਵੋਕੇਟ ਐਜੂਕੇਸ਼ਨ ਵੈਲਫੇਅਰ ਸੁਸਾਇਟੀ ਦੇ ਸਰਪ੍ਰਸਤ ਜਗਨੰਦਨ ਸਿੰਘ ਰੀਹਲ ਨੇ ਆਪਣੀ ਨੇਕ ਕਮਾਈ ਵਿੱਚੋਂ ਸਕੂਲ ਦੇ ਵਿਕਾਸ ਲਈ 5100 ਰੁਪਏ ਦੀ ਰਾਸ਼ੀ ਭੇਟ ਕੀਤੀ।ਇਸ ਮੌਕੇ ਸਕੂਲ ਇੰਚਾਰਜ ਹਰਿੰਦਰ ਸਿੰਘ ਵੱਲੋਂ ਜਗਨੰਦਨ ਸਿੰਘ ਰੀਹਲ ਦਾ ਧੰਨਵਾਦ ਕਰਦਿਆਂ ਕਿਹਾ ਕਿ ਭਵਿੱਖ ਵਿੱਚ ਵੀ ਸਕੂਲ ਦੇ ਵਿਕਾਸ ਲਈ ਉਨ੍ਹਾਂ ਨੂੰ ਲੋੜ ਪੈਣ 'ਤੇ ਯਾਦ ਕੀਤਾ ਜਾਵੇਗਾ।ਇਸ ਦੌਰਾਨ ਸਮਾਜ ਸੇਵੀ ਨੇ ਵਾਅਦਾ ਕੀਤਾ ਕਿ ਉਹ ਸਕੂਲ ਦੇ ਵਿਕਾਸ ਲਈ ਹਰ ਸੰਭਵ ਸਹਾਇਤਾ ਕਰਦੇ ਰਹਿਣਗੇ। ਇਸ ਮੌਕੇ ਮੈਡਮ ਜਸਵੀਰ ਕੌਰ, ਚੇਅਰਮੈਨ ਪਰਮਜੀਤ ਸਿੰਘ, ਆਂਗਨਵਾੜੀ ਵਰਕਰ ਲਾਭ ਕੌਰ, ਪਰਮਜੀਤ ਸਿੰਘ ਪੰਮਾ, ਹੈਲਪਰ ਗੁਰਦੀਪ ਕੌਰ, ਕੁੱਕ ਉਸ਼ਾ ਰਾਣੀ, ਵਿਦਿਆਰਥੀ ਅਤੇ ਮਾਪੇ ਹਾਜ਼ਰ ਸਨ।

ਅੱਜ ਸ਼ੋਕ ਸਮਾਗਮ ਸਮੇਂ

ਸਿਰੜੀ ਆਗੂ ਸਾਥੀ ਰਣਬੀਰ ਢਿੱਲੋਂ ਨੂੰ ਸੰਗਰਾਮੀ ਸਲਾਮ

ਚਰਨ ਸਿੰਘ ਸਰਾਭਾ

ਪੰਜਾਬ ਦੀ ਮੁਲਾਜ਼ਮ ਲਹਿਰ ਦੇਸ਼ ਭਰ ਦੀ ਮੁਲਾਜ਼ਮ ਅਤੇ ਕਿਰਤੀ-ਕਾਮਿਆਂ ਦੀ ਲਹਿਰ ਦਾ ਮਹੱਤਵਪੂਰਨ ਅੰਗ ਰਹੀ ਹੈ ਅਤੇ ਅੱਜ ਵੀ ਹੈ। ਪੰਜਾਬ ਦੀ ਮੁਲਾਜ਼ਮ ਲਹਿਰ ਦੀ ਗੱਲ ਕਰਦਿਆਂ ਹੀ ਪੰਜਾਬ ਦੇ ਮੁਲਾਜ਼ਮਾਂ ਦੀ ਸਾਂਝੀ ਅਤੇ ਹੱਕ-ਸੱਚ ਇਨਸਾਫ਼ ਦੀ ਰਾਖੀ ਨੂੰ ਪ੍ਰਣਾਈ ਇਤਿਹਾਸਕ ਜਥੇਬੰਦੀ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਅਤੇ ਇਸ ਦੇ ਰਹੇ ਜਨਰਲ ਸਕੱਤਰ ਅਤੇ ਪ੍ਰਮੁੱਖ ਆਗੂ ਸਾਥੀ ਰਣਬੀਰ ਸਿੰਘ ਢਿੱਲੋਂ ਦੀ ਇਸ ਵਿੱਚ ਰਹੀ ਵੱਡੀ ਭੂਮਿਕਾ ਦੀ ਲੜੀ ਚੇਤੇ ਵਿੱਚੋਂ ਲੰਘਦੀ ਹੈ। ਜਦੋਂ ਅਸੀਂ 1965-66 ਦੇ ਸਮੇਂ ਵਿੱਚ ਸਰਕਾਰੀ ਨੌਕਰੀ ਵਿੱਚ ਆਏ ਤਾਂ ਪੰਜਾਬ ਦੇ ਮੁਲਾਜ਼ਮਾਂ ਦੀਆਂ ਸੇਵਾ-ਹਾਲਤਾਂ ਅੱਜ ਵਾਲੀਆਂ ਨਹੀਂ ਸਨ। ਕੁਝ ਚੰਗੀਆਂ ਸਨ, ਕੁਝ ਵਿਤਕਰੇ ਭਰਪੂਰ ਵੀ ਸਨ। ਇਸ ਸਮੇਂ ਵਿੱਚ ਹੀ ਜਦੋਂ ਪੰਜਾਬ ਦੇ ਮੁਲਾਜ਼ਮਾਂ ਦੇ ਸੰਘਰਸ਼ ਵੀ ਅੱਗੇ ਵਧ ਰਹੇ ਸਨ ਅਤੇ 1965-66 ਵਿੱਚ ਵਧਦੀ ਮਹਿੰਗਾਈ ਕਾਰਨ ਮੁਲਾਜ਼ਮਾਂ ਦੀਆਂ ਉਜਰਤਾਂ ਨੂੰ ਲੱਗਦੇ ਘੋਰੇ ਨੂੰ ਬੇ-ਅਸਰ ਕਰਨ ਲਈ ਮਹਿੰਗਾਈ ਭੱਤੇ ਦੀ ਮੰਗ ਜ਼ੋਰ ਨਾਲ ਕੀਤੀ ਜਾ ਰਹੀ ਸੀ, ਉਸ ਸਮੇਂ ਮੁਲਾਜ਼ਮ ਸੰਘਰਸ਼ ਦੀ ਅਗਵਾਈ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਝੰਡੇ ਹੇਠ ਸਾਥੀ ਰਣਬੀਰ ਢਿੱਲੋਂ ਹੀ ਕਰ ਰਹੇ ਸਨ। ਸਾਨੂੰ ਉਦੋਂ ਹੀ ਪਤਾ ਲੱਗਿਆ ਕਿ ਇਸ ਤੋਂ ਪਹਿਲਾਂ 1962-63 ਦੇ ਸਮੇਂ ਵਿੱਚ ਸਾਥੀ ਢਿੱਲੋਂ ਆਪਣੇ ਸਾਥੀਆਂ ਪ੍ਰੇਮ ਸਾਗਰ ਅਤੇ ਹੋਰਾਂ ਨੇ ਰਲ ਕੇ ਸਾਂਝੇ ਸੰਘਰਸ਼ ਰਾਹੀਂ ਚੰਡੀਗੜ੍ਹ ਦੇ ਮੁਲਾਜ਼ਮਾਂ ਨੂੰ ਮਿਲਦਾ ਸਿਟੀ ਕੰਪਨਸੇਟਰੀ ਭੱਤਾ ਬਹਾਲ ਕਰਵਾਇਆ ਸੀ, ਜੋ ਤਤਕਾਲੀ ਪੰਜਾਬ ਸਰਕਾਰ ਨੇ ਬੰਦ ਕਰ ਦਿੱਤਾ ਸੀ। ਉਸ ਘੋਲ ਵਿੱਚ ਹੀ ਤਤਕਾਲੀ ਪੰਜਾਬ ਸਰਕਾਰ ਨੇ ਸਾਥੀ ਢਿੱਲੋਂ ਦੀ ਬਦਲੀ ਚੰਡੀਗੜ੍ਹ ਤੋਂ ਗੁੜਗਾਉਂ ਵਿਖੇ ਕਰ ਦਿੱਤੀ ਸੀ। ਇੰਥੇ ਇਹ ਵੀ ਦੱਸਿਆ ਜਾਂਦਾ ਹੈ ਕਿ ਸਾਥੀ ਰਣਬੀਰ ਢਿੱਲੋਂ ਦੀ ਸਰਕਾਰੀ ਨੌਕਰੀ ਵਿੱਚ ਨਿਯੁਕਤੀ ਸਾਇੰਸ ਮਾਸਟਰ ਵਜੋਂ ਚੰਡੀਗੜ੍ਹ ਵਿਖੇ ਹੀ 1960 ਵਿੱਚ ਹੋਈ ਸੀ। ਸਾਥੀ ਰਣਬੀਰ ਸਿੰਘ ਢਿੱਲੋਂ ਜ਼ਿਲ੍ਹਾ ਅੰਮ੍ਰਿਤਸਰ ਦੇ ਨਜ਼ਦੀਕੀ ਪਿੰਡ ਖਾਪੜਖੇੜੀ ਦੇ ਜੰਮਪਲ ਸਨ, ਜਿੱਥੇ ਉਨ੍ਹਾਂ ਦਾ ਜਨਮ 1932 ਵਿੱਚ ਮਾਨਯੋਗ ਸ. ਨਰਾਇਣ ਸਿੰਘ ਢਿੱਲੋਂ ਦੇ ਘਰ ਹੋਇਆ। ਸਾਲ 1966 ਵਿੱਚ ਮੁਲਾਜ਼ਮ ਸੰਘਰਸ਼ ਕਾਫ਼ੀ ਤੇਜ਼ ਚੱਲ ਰਿਹਾ ਸੀ, ਜਦੋਂ ਪੰਜਾਬ ਵਿੱਚੋਂ ਰੈਲੀਆਂ ਮੁਜ਼ਾਹਰਿਆਂ ਉਪਰੰਤ ਮਈ 1966 ਵਿੱਚ ਜ਼ੋਰਦਾਰ ਮੁਲਾਜ਼ਮ ਹੜਤਾਲ ਹੋਈ ਤਾਂ ਮੁਲਾਜ਼ਮਾਂ ਨੂੰ ਪੰਜ ਰੁਪਏ ਮਹੀਨਾ ਮਹਿੰਗਾਈ ਭੱਤਾ ਸਰਕਾਰ ਵੱਲੋਂ ਐਲਾਨਿਆ ਗਿਆ। ਮੁਲਾਜ਼ਮ ਵਰਗ ਵੱਲੋਂ ਇਸ ਨੂੰ ਰੱਦ ਕਰਕੇ ਸੰਘਰਸ਼ ਹੋਰ ਤੇਜ਼ ਅਤੇ ਨਿਰੰਤਰ ਹੋਇਆ ਤਾਂ ਮਹਿੰਗਾਈ ਭੱਤਾ ਦਸ ਰੁਪਏ ਪ੍ਰਤੀ ਮਹੀਨਾ ਵਧਾ ਦਿੱਤਾ ਗਿਆ, ਜੋ ਉਸ ਵੇਲੇ ਫਲੈਟ ਰੇਟ ਅਤੇ ਸਲੈਬ ਸਿਸਟਮ ਦੇ ਅਧਾਰ 'ਤੇ ਮਿਲਦਾ ਸੀ, ਅੱਜ ਵਾਂਗ ਨਹੀਂ ਸੀ। ਇਸ ਸੰਘਰਸ਼ ਵਿੱਚ ਹੀ ਸਮੇਂ ਦੀ ਸਰਕਾਰ ਨੇ ਮੁਲਾਜ਼ਮਾਂ ਦੀ ਮੰਗ ਤਾਂ ਸਵੀਕਾਰ ਕੀਤੀ, ਪਰ ਸਾਥੀ ਢਿੱਲੋਂ ਨੂੰ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਗਿਆ। ਗ੍ਰਿਫ਼ਤਾਰ ਕਰਕੇ ਕਰਨਾਲ ਜੇਲ੍ਹ ਵਿੱਚ ਭੇਜ ਦਿੱਤਾ ਗਿਆ। ਜਿੱਥੇ ਉਸ ਨੇ ਰੋਸ ਵਜੋਂ ਅਣਮਿੱਥੇ ਸਮੇਂ ਲਈ ਭੁੱਖ ਹੜਤਾਲ ਆਰੰਭ ਕਰ ਦਿੱਤੀ। ਕੁਝ ਸਮੇਂ ਪਿੱਛੋਂ ਸਾਥੀ ਢਿੱਲੋਂ ਨੂੰ ਜੇਲ੍ਹ ਤੋਂ ਰਿਹਾਅ ਕਰ ਦਿੱਤਾ ਗਿਆ, ਪਰ ਨੌਕਰੀ ਵਿੱਚ ਬਹਾਲ ਨਹੀਂ ਸੀ ਕੀਤਾ ਗਿਆ। ਇਸ ਸਮੇਂ ਵਿੱਚ ਹੀ 1.11.1966 ਤੋਂ ਪੰਜਾਬ ਦੀ ਵੰਡ ਉਪਰੰਤ ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਹੋਂਦ ਵਿੱਚ ਆਏ ਸਨ ਅਤੇ ਮੁਲਾਜ਼ਮਾਂ ਦੀ ਵੰਡ ਵੀ ਉਨ੍ਹਾਂ ਦੀਆਂ ਆਪਸ਼ਨਾਂ ਅਨੁਸਾਰ ਤਿੰਨ ਸੂਬਿਆਂ ਵਿੱਚ ਹੀ ਹੋ ਗਈ ਸੀ, ਪ੍ਰੰਤੂ ਸਾਥੀ ਢਿੱਲੋਂ ਨੇ ਪ ਸ ਸ ਫ ਦਾ ਕੰਮ ਉਸੇ ਤਰ੍ਹਾਂ ਜਾਰੀ ਰੱਖਿਆ। 1966-67 ਵਿੱਚ ਜਦੋਂ ਭਾਰਤ ਦੀ ਸਿੱਖਿਆ ਨੀਤੀ ਸੰਬੰਧੀ ਕੋਠਾਰੀ ਕਮਿਸ਼ਨ ਦੀ ਰਿਪੋਰਟ ਜਾਰੀ ਹੋਈ ਤਾਂ ਪੰਜਾਬ ਦੀ ਅਧਿਆਪਕ ਲਹਿਰ ਵੱਲੋਂ ਸਾਥੀ ਤੂਰ ਅਤੇ ਹੋਰ ਆਗੂਆਂ ਨੇ ਸਾਂਝੇ ਤੌਰ 'ਤੇ ਕੋਠਾਰੀ ਕਮਿਸ਼ਨ ਦੇ ਗਰੇਡ ਪੰਜਾਬ ਦੇ ਅਧਿਆਪਕਾਂ ਲਈ ਲਾਗੂ ਕਰਵਾਉਣ ਲਈ ਸੰਘਰਸ਼ ਕੀਤਾ ਤਾਂ ਪੰ ਸ ਸ ਫ ਦੀ ਭਰਪੂਰ ਹਮਾਇਤ ਜਾਰੀ ਰਹੀ, ਜਿਸ ਦੇ ਸਿੱਟੇ ਵਜੋਂ ਪੰਜਾਬ ਵਿੱਚ 1 ਨਵੰਬਰ 1966 ਤੋਂ ਪੰਜਾਬ ਦੇ ਅਧਿਆਪਕਾਂ ਨੂੰ ਇਹ ਗਰੇਡ ਪ੍ਰਾਪਤ ਹੋਏ।

1967 ਦਾ ਸਾਲ ਪੰਜਾਬ ਦੀ ਮੁਲਾਜ਼ਮ ਲਹਿਰ ਲਈ ਵੱਡੀ ਮਹੱਤਤਾ ਵਾਲਾ ਸਾਲ ਸੀ। ਜਦੋਂ ਪੰਜਾਬ ਦੇ ਮੁਲਾਜ਼ਮਾਂ ਨੇ ਲਗਾਤਾਰ ਜ਼ੋਰਦਾਰ ਸੰਘਰਸ਼ ਕਰਕੇ ਕੇਂਦਰੀ ਪੈਟਰਨ 'ਤੇ ਮਹਿੰਗਾਈ ਭੱਤੇ ਦੀ ਵਿਵਸਥਾ ਪ੍ਰਾਪਤ ਕੀਤੀ। ਇਸੇ ਸਾਲ ਵਿੱਚ ਹੀ ਪੰਜਾਬ ਦੇ ਮੁਲਾਜ਼ਮਾਂ ਲਈ ਸੇਵਾ-ਮੁਕਤੀ ਉਪਰੰਤ ਪੈਨਸ਼ਨ ਪ੍ਰਾਪਤੀ ਦੀ ਵਿਵਸਥਾ ਉਪਲੱਬਧ ਹੋਈ ਅਤੇ ਪੰਜਾਬ ਸੁਬਾਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਸੰਘਰਸ਼ ਦੇ ਦਬਾਅ ਹੇਠ ਹੀ ਸਾਥੀ ਰਣਬੀਰ ਢਿੱਲੋਂ ਨੌਕਰੀ ਵਿੱਚ ਬਹਾਲ ਵੀ ਹੋਏ।

ਇਸ ਤਰ੍ਹਾਂ ਪੰਜਾਬ ਦੇ ਮੁਲਾਜ਼ਮਾਂ ਲਈ 1968 ਤੋਂ ਲੈ ਕੇ 1978, 1986, 1996 ਅਤੇ ਅੱਜ ਤੱਕ ਪੰਜਾਬ ਦੇ ਹਾਲਾਤ ਅਤੇ ਭੂਗੋਲਿਕ ਸਥਿਤੀਆਂ ਦੇ ਅਧਾਰ 'ਤੇ ਪੰਜਾਬ ਦੇ ਮੁਲਾਜ਼ਮਾਂ ਲਈ ਕੇਂਦਰ ਨਾਲੋਂ ਵੱਖਰਾ ਪੇ-ਕਮਿਸ਼ਨ ਸਥਾਪਤ ਹੁੰਦਾ ਰਿਹਾ ਅਤੇ ਉਚਿੱਤ ਪ੍ਰਾਪਤੀਆਂ ਵੀ ਹੋਈਆਂ। 1978 ਦੀ ਗਰੇਡ ਦੁਹਰਾਈ ਸਮੇਂ ਪੇ ਸਕੇਲਾਂ ਵਿੱਚ ਵਾਰਸ਼ਕ ਤਰੱਕੀ ਨੂੰ ਬੇਸਿਕ ਤਨਖਾਹ ਨਾਲ ਜੋੜਿਆ ਗਿਆ, ਜੋ 1996 ਤੱਕ ਜਾਰੀ ਰਿਹਾ। 1986 ਵਿੱਚ ਨਿਪੁੰਨਤਾ ਰੋਕ ਦੀ ਵਿਵਸਥਾ ਖ਼ਤਮ ਕਰਵਾ ਕੇ ਵਿਸ਼ੇਸ਼ ਪਰਵੀਨਤਾ ਤਰੱਕੀਆਂ ਪ੍ਰਾਪਤ ਕੀਤੀਆਂ ਗਈਆਂ ਅਤੇ ਸਮਾਂ ਬੱਧ ਪ੍ਰੋਮੋਸ਼ਨਲ ਗਰੇਡਾਂ ਦੀ ਵਿਵਸਥਾ ਲਾਗੂ ਕਰਨ ਲਈ ਸੰਘਰਸ਼ ਜਾਰੀ ਰੱਖਿਆ ਗਿਆ, ਜੋ ਬਾਅਦ ਵਿੱਚ ਏ ਸੀ ਪੀ ਦੀ ਵਿਵਸਥਾ ਦੇ ਰੂਪ ਵਿੱਚ ਪ੍ਰਾਪਤ ਹੋਇਆ। ਇਸੇ ਤਰ੍ਹਾਂ ਇਨ੍ਹਾਂ ਹੀ ਸੰਘਰਸ਼ਾਂ ਵਿੱਚ ਪੰਜਾਬ ਦੇ ਸਾਰੇ ਮੁਲਾਜ਼ਮਾਂ ਨੂੰ ਮਕਾਨ ਕਿਰਾਇਆ ਭੱਤਾ ਅਤੇ ਪਿੰਡਾਂ ਵਿੱਚ ਪੇਂਡੂ ਭੱਤਾ ਦੀ ਵਿਵਸਥਾ ਵੀ ਲਾਗੂ ਕਰਵਾਈ ਗਈ।

ਸਾਲ 1977 ਵਿੱਚ ਪ ਸ ਸ ਫ ਨੇ ਵੱਡੀ ਪ੍ਰਾਪਤੀ ਕੀਤੀ ਸੀ, ਜਦੋਂ 31.3.1977 ਤੱਕ ਇਕ ਸਾਲ ਦੀ ਨੌਕਰੀ ਪੂਰੀ ਕਰ ਚੁੱਕੇ ਛੇ ਮਹੀਨੇ 'ਤੇ ਅਧਾਰਤ ਨਿਯੁਕਤ ਸਾਰੇ ਕਰਮਚਾਰੀਆਂ ਨੂੰ ਰੈਗੂਲਰ ਕੀਤਾ ਗਿਆ ਅਤੇ ਫਿਰ ਇਹ ਫਾਰਮੂਲਾ 30.9.80 ਨੂੰ ਵੀ ਲਾਗੂ ਕੀਤਾ ਗਿਆ।

ਸਾਲ 1990 ਵਿੱਚ ਮੁੱਖ ਅਧਿਆਪਕ ਦੇ ਅਹੁਦੇ ਤੋਂ ਸੇਵਾ-ਮੁਕਤ ਹੋਏ ਰਣਬੀਰ ਸਿੰਘ ਢਿੱਲੋਂ ਘਰ ਨਹੀਂ ਬੈਠੇ। ਸੇਵਾ-ਮੁਕਤੀ ਉਪਰੰਤ ਮੁਲਾਜ਼ਮ ਸੰਘਰਸ਼ ਦੇ ਨਾਲ ਪੰਜਾਬ ਦੇ ਪੈਨਸ਼ਨਰਜ਼ ਸਾਥੀਆਂ ਨੂੰ ਜਥੇਬੰਦ ਕਰਦੇ ਰਹੇ ਅਤੇ ਪੰਜਾਬ ਦੇ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝੇ ਫਰੰਟ ਵਿੱਚ ਵੀ ਸ਼ਾਮਲ ਰਹੇ। ਹੁਣ ਵੀ ਉਹ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ ਦੇ ਚੇਅਰਮੈਨ, ਆਲ ਇੰਡੀਆ ਸੈਕੰਡਰੀ ਟੀਚਰਜ਼ ਫੈਡਰੇਸ਼ਨ ਦੇ ਕੌਮੀ ਆਗੂ ਅਤੇ ਆਲ ਇੰਡੀਆ ਸਟੇਟ ਗੌਰਨਮੈਂਟ ਇੰਪਲਾਈਜ਼ ਕਨਫੈਡਰੇਸ਼ਨ ਦੇ ਮੁੱਖ ਸਲਾਹਕਾਰ ਰਹੇ ਹਨ। ਇਸ ਤੋਂ ਬਿਨਾਂ ਪੰਜਾਬ ਦੇ ਮੁਲਾਜ਼ਮਾਂ ਨੂੰ ਉਨ੍ਹਾਂ ਦੀਆਂ ਸੇਵਾ ਹਾਲਤਾਂ ਅਤੇ ਸੰਘਰਸ਼ਾਂ ਸੰਬੰਧੀ ਜਾਣਕਾਰੀ ਦੇਣ ਵਾਲੇ ਮਹੀਨਾਵਾਰ ਰਸਾਲੇ "ਕਰਮਚਾਰੀ ਲਹਿਰ" ਦੇ ਮੁੱਖ ਸੰਪਾਦਕ ਵੀ ਸਨ। ਸਾਥੀ ਢਿੱਲੋਂ ਲੱਗਭੱਗ 90 ਸਾਲ ਦੀ ਉਮਰ ਤੱਕ ਮੁਲਾਜ਼ਮ ਸੰਘਰਸ਼ਾਂ ਵਿੱਚ ਆਪਣਾ ਬਣਦਾ ਯੋਗਦਾਨ ਪਾਉਂਦੇ ਰਹੇ। ਪਿਛਲੇ ਇਕ ਸਾਲ ਤੋਂ ਵਡੇਰੀ ਉਮਰ ਤੋਂ ਪ੍ਰਭਾਵਤ ਸਿਹਤ ਵਿਗਾੜਾਂ ਕਾਰਨ ਘਰ ਵਿੱਚ ਸੀਮਤ ਰਹੇ ਅਤੇ ਅੰਤ 19 ਜੁਲਾਈ 2024 ਨੂੰ ਆਪਣੇ ਪਰਵਾਰ ਅਤੇ ਮੁਲਾਜ਼ਮ ਲਹਿਰ ਦੇ ਸਾਥੀਆਂ ਨੂੰ ਅੰਤਮ ਵਿਛੋੜਾ ਦੇ ਗਏ, ਜਿਸ ਨਾਲ ਸਾਨੂੰ ਸਾਰਿਆਂ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਅੱਜ ਜਦੋਂ ਸਾਥੀ ਢਿੱਲੋਂ ਸਾਡੇ ਕੋਲੋਂ ਵਿੱਛੜ ਗਏ ਹਨ, ਪੰਜਾਬ ਦੀ ਮੁਲਾਜ਼ਮ ਲਹਿਰ ਸਾਹਮਣੇ ਵੱਡੀਆਂ ਚੁਣੌਤੀਆਂ ਹਨ। ਉੱਪਰ ਦੱਸੀਆਂ ਕਈ ਪ੍ਰਾਪਤੀਆਂ ਖੁਰ ਰਹੀਆਂ ਹਨ ਤਾਂ ਸਾਥੀ ਰਣਬੀਰ ਢਿੱਲੋਂ ਦੇ ਸਤਿਕਾਰ ਵਜੋਂ ਜ਼ਰੂਰੀ ਹੈ ਮੁਲਾਜ਼ਮ ਲਹਿਰ ਨੂੰ ਇਕਮੁਠ ਕੀਤਾ ਜਾਵੇ, ਚੇਤੰਨ ਕੀਤਾ ਜਾਵੇ ਅਤੇ ਲੋੜ ਅਨੁਸਾਰ ਸੰਵਿਧਾਨਕ ਉਦੇਸ਼ ਨੂੰ ਮੁੱਖ ਰੱਖ ਕੇ ਸਾਂਝੇ ਮੁਲਾਜ਼ਮ ਸੰਘਰਸ਼ਾਂ ਨੂੰ ਜਾਰੀ ਰੱਖਿਆ ਜਾਵੇ। ਅੱਜ ਮਿਤੀ 28 ਜੁਲਾਈ ਨੂੰ ਪੰਜਾਬ ਦੀ ਮੁਲਾਜ਼ਮ ਲਹਿਰ ਦੇ ਵਿੱਛੜੇ ਸਿਰੜੀ ਆਗੂ ਸਾਥੀ ਰਣਬੀਰ ਢਿੱਲੋਂ ਦ

28-JULY-PAGE 8.qxd 7/27/2024 10:50 PM Page 1

28-July-Sunday.qxd 7/27/2024 9:39 PM Page 1

ਹਰਸ਼ਾ ਛੀਨਾ ਮੋਘਾ ਮੋਰਚਾ
ਆਖਰੀ ਸਫ਼ੇ 'ਤੇ

ਨਵਾਂ ਜ਼ਮਾਨਾ ਐਤਵਾਰਤਾ

Regd. No : L-4/Pb-JL-0023/2024-26, (R.N.I.)-00068/57

ਜਲੰਧਰ : ਐਤਵਾਰ, 28 ਜੁਲਾਈ 2024

www.nawanzamana.in

ਕੀਮਤ 5.00 ਰੁਪਏ

ਕਿਤਾਬਾਂ, ਮੈਗਜ਼ੀਨ
ਵਾਜਿਬ ਰੇਟਾਂ 'ਤੇ ਸੁੰਦਰ
ਅਤੇ ਵਧੀਆ ਛਪਾਈ
ਲਈ ਸੰਪਰਕ ਕਰੋ:
ਬਾਗਪੁਰ ਪ੍ਰਿੰਟਰਜ਼, ਜਲੰਧਰ
94174 27538

ਹਰਸ਼ ਮੰਦਰ

ਹੁਕਮਰਾਨ ਫਿਰ ਉਸੇ ਰਾਹ, ਨਫ਼ਰਤੀ ਹਮਲੇ

2014 ਤੋਂ ਨਰਿੰਦਰ ਮੋਦੀ ਦੀ ਅਗਵਾਈ ਦੇ 10 ਸਾਲਾਂ ਵਿੱਚ ਭਾਰਤ ਲਗਾਤਾਰ ਨਫ਼ਰਤ ਅਤੇ ਡਰ ਦੇ ਗਣਤੰਤਰ ਵਿੱਚ ਬਦਲਿਆ ਹੈ। ਲਿਚਿੰਗ, ਕਤਲੇਆਮ ਤੇ ਉਕਸਾਵੇ ਵਾਲੇ ਨਫ਼ਰਤੀ ਬਿਆਨ ਅਤੇ ਬੁਲਡੋਜ਼ਰ ਇਸ ਸ਼ਾਸਨ ਵਿੱਚ ਵਾਰ-ਵਾਰ ਦੁਹਰਾਏ ਜਾਣ ਵਾਲੇ ਰਾਗ ਬਣ ਗਏ ਹਨ। ਨਫ਼ਰਤ ਸਮਾਜਿਕ ਸਰੋਕਾਰਾਂ ਅਤੇ ਸੱਤਾ ਵੱਲੋਂ ਆਪਣੇ ਮੁਸਲਿਮ ਨਾਗਰਿਕਾਂ ਨਾਲ ਵਿਹਾਰ ਦਾ ਆਮ ਖੁਰਾਕ ਬਣ ਗਈ ਹੈ। ਉਨ੍ਹਾਂ ਲਈ ਡਰ ਰੋਜ਼ਮਰ੍ਹਾ ਦੇ ਜੀਵਨ ਦਾ ਤੱਤ ਬਣ ਗਿਆ ਹੈ।

ਇਸ ਸਿਲਸਿਲੇ 'ਚ 2024 ਦੀਆਂ ਆਮ ਚੋਣਾਂ ਵਿੱਚ ਮੋਦੀ ਅਤੇ ਉਸ ਦੀ ਪਾਰਟੀ ਦੇ ਕਮਜ਼ੋਰ ਪ੍ਰਦਰਸ਼ਨ ਨੂੰ ਰਾਹਤ ਅਤੇ ਉਮੀਦ ਦੀ ਭਾਵਨਾ ਨਾਲ ਦੇਖਿਆ ਜਾ ਰਿਹਾ ਸੀ ਅਤੇ ਲੱਗਣ ਲੱਗ ਪਿਆ ਸੀ ਕਿ ਦੇਸ਼ ਨੇ ਦਸ ਸਾਲਾਂ ਦੇ ਬੁਰੇ ਸੁਪਨੇ ਨੂੰ ਪਿੱਛੇ ਛੱਡ ਦਿੱਤਾ ਹੈ।

ਆਖਰਕਾਰ ਭਾਰਤ ਦੀ ਜਨਤਾ ਨੇ ਸਪੱਸ਼ਟ ਸੰਦੇਸ਼ ਦਿੱਤਾ ਹੈ ਕਿ ਰੁਜ਼ਗਾਰ, ਸਸਤੇ ਅਨਾਜ, ਊਰਜਾ, ਸਿਹਤ ਸੇਵਾਵਾਂ, ਸਕੂਲਾਂ ਵਿੱਚ ਸਾਫ਼-ਸੁਥਰੀਆਂ ਪ੍ਰੀਖਿਆਵਾਂ ਦੇ ਨਾਲ ਕੰਮ-ਕਾਜੀ ਜਨਤਾ ਦੇ ਰੋਜ਼ਮਰ੍ਹਾ ਜੀਵਨ ਨੂੰ ਸੁਧਾਰਨ ਵਿੱਚ ਸਰਕਾਰ ਦੀਆਂ ਅਸਫਲਤਾਵਾਂ ਦੀ ਭਰਪਾਈ ਨਫ਼ਰਤ ਦੀ ਰਾਜਨੀਤੀ ਤੋਂ ਨਹੀਂ ਹੋ ਸਕਦੀ। ਇਸ ਤੋਂ ਇਲਾਵਾ ਮੋਦੀ ਆਪਣੇ ਬਲਬੂਤੇ 'ਤੇ ਸਰਕਾਰ ਨਹੀਂ ਬਣਾ ਸਕੇ, ਉਸ ਨੂੰ ਅਜਿਹੀਆਂ ਪਾਰਟੀਆਂ ਦੀ ਮਦਦ ਲੈਣੀ ਪਈ ਹੈ, ਜਿਹੜੀਆਂ ਆਰ ਐੱਸ ਐੱਸ ਦੀ ਭਾਰਤੀ ਮੁਸਲਮਾਨਾਂ ਨੂੰ ਬਰਾਬਰ ਦੇ ਨਾਗਰਿਕ ਨਾ ਮੰਨਣ ਦੀ ਵਿਚਾਰਧਾਰਾ ਦੇ ਖ਼ਿਲਾਫ਼ ਹਨ।

ਪਰ ਚੋਣ ਨਤੀਜਿਆਂ ਦੇ ਕੁਝ ਦਿਨ ਵਿੱਚ ਹੀ ਰਾਹਤ ਅਤੇ ਉਮੀਦ ਦੀ ਰੋਸ਼ਨੀ ਬੁਝ ਗਈ। ਅਜਿਹਾ ਲੱਗ ਰਿਹਾ ਹੈ ਕਿ ਸੰਘ ਦੇ ਚੇਲੇ, ਸਰਕਾਰ ਦੇ ਅੰਦਰ ਅਤੇ ਬਾਹਰ ਵੀ ਮੋਦੀ ਸਰਕਾਰ ਦੇ ਕੇਵਲ ਇਕ ਮਹੀਨੇ ਅੰਦਰ ਹੀ ਮੋਦੀ ਦਹਾਕੇ ਦੌਰਾਨ ਫੈਲਾਏ ਡਰ ਅਤੇ ਨਫ਼ਰਤ ਦਾ ਤੇਜ਼ੀ ਨਾਲ ਦੁਹਰਾਓ ਚਾਹੁੰਦੇ ਹਨ। ਚੋਣ ਨਤੀਜੇ ਆਇਆਂ ਨੂੰ ਅਜੇ ਮਹੀਨਾ ਹੀ ਹੋਇਆ ਹੈ ਕਿ ਦੇਸ਼ ਅੰਦਰ ਮੁਸਲਮਾਨਾਂ 'ਤੇ ਹੀ ਨਹੀਂ, ਇਸਾਈਆਂ 'ਤੇ ਵੀ ਕਰੂਰ-ਨਫ਼ਰਤੀ ਹਮਲਿਆਂ ਦਾ ਸਿਲਸਿਲਾ ਸ਼ੁਰੂ ਹੋ ਗਿਆ ਹੈ, ਵਿਸ਼ੇਸ਼ ਕਰਕੇ ਮੁਸਲਮਾਨਾਂ ਦੀਆਂ ਜਾਇਦਾਦਾਂ ਨੂੰ ਨਿਸ਼ਾਨਾ ਬਣਾਉਣ ਲਈ ਬੁਲਡੋਜ਼ਰ ਵਾਪਸ ਆ ਗਏ ਹਨ।

ਚੋਣਾਂ ਤੋਂ ਬਾਅਦ ਨਫ਼ਰਤੀ ਕਤਲਾਂ ਦੀ ਪਹਿਲੀ ਘਟਨਾ ਛਤੀਸਗੜ੍ਹ ਦੇ ਰਾਏਪੁਰ ਵਿੱਚ ਵਾਪਰੀ, ਜਦੋਂ ਨਤੀਜਿਆਂ ਦੇ ਤਿੰਨ ਦਿਨਾਂ ਬਾਅਦ ਹੀ ਤਿੰਨ ਲੋਕਾਂ ਨੂੰ ਕੁੱਟ-ਕੁੱਟ ਕੇ ਮਾਰ ਦਿੱਤਾ। 35 ਸਾਲ ਦੇ ਚਾਂਦ ਮੀਆਂ ਖਾਨ, 35 ਸਾਲ ਦੇ ਗੁਡੂ ਖਾਨ ਅਤੇ 23 ਸਾਲਾ ਸਦਾਮ ਕੁਰੈਸ਼ੀ ਪੱਛਮੀ ਉੱਤਰ ਪ੍ਰਦੇਸ਼ ਦੇ ਸਹਾਰਨਪੁਰ ਅਤੇ ਸ਼ਾਮਲੀ ਤੋਂ ਪਸ਼ੂ ਵਪਾਰੀ ਸਨ। ਉਨ੍ਹਾ ਨੇ ਰਾਏਪੁਰ ਨੇੜੇ ਪਿੰਡ ਮਹਾਸਮਦ ਤੋਂ ਮੱਝਾਂ ਖਰੀਦੀਆਂ, ਜਿਨ੍ਹਾਂ ਨੂੰ ਉਹ ਉੜੀਸਾ ਲਿਜਾ ਰਹੇ ਸਨ। ਪ੍ਰਾਪਤ ਖ਼ਬਰਾਂ ਅਨੁਸਾਰ ਹਮਲਾਵਰਾਂ ਨੇ ਮਹਾਂ ਨਦੀ ਪੁਲ 'ਤੇ ਕਿਲਾਂ ਵਿਛਾਈਆਂ ਹੋਈਆਂ ਸਨ, ਜਿਨ੍ਹਾਂ ਨਾਲ ਉਨ੍ਹਾਂ ਦੇ ਟਰੱਕ ਦੇ ਟਾਇਰ ਪੰਚਰ ਹੋ ਗਏ ਅਤੇ ਟਰੱਕ ਰੁਕਦੇ ਹੀ ਲੋਕਾਂ ਦੀ ਭੀੜ ਨੇ ਉਨ੍ਹਾਂ 'ਤੇ ਹਮਲਾ ਕਰ ਦਿੱਤਾ। ਭੀੜ ਦੇ ਹਮਲੇ ਤੋਂ ਬਾਅਦ ਕੁਰੈਸ਼ੀ ਨੇ ਆਪਣੇ ਰਿਸ਼ਤੇਦਾਰ ਨੂੰ ਫੋਨ ਕੀਤਾ ਅਤੇ ਆਪਣੀ ਜੇਬ ਵਿੱਚ ਫੋਨ ਚਾਲੂ ਰੱਖਿਆ ਅਤੇ 47 ਮਿੰਟ ਤੱਕ ਉਸ ਦੇ ਰਿਸ਼ਤੇਦਾਰ ਕੁਰੈਸ਼ੀ ਦੇ ਸਾਥੀਆਂ ਦੀ ਕੁੱਟਮਾਰ ਅਤੇ ਉਸ ਵੱਲੋਂ ਜਾਨ ਬਖਸ਼ਣ ਦੇ ਤਰਲੇ ਸੁਣਦੇ ਰਹੇ ਉਹ ਪਾਣੀ ਮੰਗ ਰਹੇ ਸਨ, ਪਰ ਹਮਲਾਵਰਾਂ ਨੇ ਆਪਣੇ ਜੇਤੂ ਅੰਦਾਜ਼ ਵਿੱਚ ਉਨ੍ਹਾਂ ਨੂੰ ਪਾਣੀ ਨਹੀਂ ਦਿੱਤਾ ਅਤੇ ਤਿੰਨ ਅਧਮੋਇਆਂ ਨੂੰ ਪੁਲ ਤੋਂ ਹੇਠਾਂ ਪੱਥਰਾਂ ਵਿੱਚ ਸੁੱਟ ਦਿੱਤਾ।

ਇਸ ਘਟਨਾ ਤੋਂ ਇਕ ਦਿਨ ਬਾਅਦ ਹੀ ਉੱਤਰ ਪ੍ਰਦੇਸ਼ ਦੇ ਪ੍ਰਤਾਪਗੜ੍ਹ ਦੇ ਇੱਕ ਪਿੰਡ ਵਿੱਚ ਮੌਲਵੀ ਮੌਲਾਨਾ ਫਾਰੂਕ ਨੂੰ ਉਸ ਦੇ ਕਿਰਾਏਦਾਰ ਚੰਦਰਮਣੀ ਤਿਵਾੜੀ ਨੇ ਹੀ ਕਤਲ ਕਰ ਦਿੱਤਾ। ਮੌਲਵੀ ਦੇ ਬੇਟੇ ਨੇ ਦੱਸਿਆ ਕਿ ਉਸ ਦੇ ਪਿਤਾ ਹਮੇਸ਼ਾ ਕਿਰਾਏਦਾਰ ਦੀ ਆਰਥਿਕ ਮਦਦ ਵੀ ਕਰਦੇ ਰਹਿੰਦੇ ਸਨ, ਉਨ੍ਹਾਂ ਵਿਚਕਾਰ ਕੋਈ ਝਗੜਾ ਨਹੀਂ ਸੀ, ਫਿਰ ਪਤਾ ਨਹੀਂ ਕਿਉਂ ਚੰਦਰਮਣੀ ਨੇ ਕੁਹਾੜੀ ਨਾਲ ਉਸ ਦੇ ਪਿਤਾ ਦਾ ਕਤਲ ਕਰ ਦਿੱਤਾ।

ਇੱਕ ਹੋਰ ਮਸਜਿਦ ਦੇ ਈਮਾਮ ਦਾ ਉੱਤਰ ਪ੍ਰਦੇਸ਼ ਦੇ ਮੁਰਾਦਾਬਾਦ ਨੇੜੇ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ। ਇੱਕ ਹਫ਼ਤਾ ਵੀ ਨਹੀਂ ਬੀਤਿਆ ਕਿ ਉੱਤਰ ਪ੍ਰਦੇਸ਼ ਦੇ ਹੀ ਅਲੀਬਾਗ ਵਿੱਚ 18 ਜੂਨ ਦੀ ਰਾਤ ਨੂੰ 35 ਸਾਲਾ ਇਕ ਦਿਹਾੜੀਦਾਰ ਮਜ਼ਦੂਰ ਮੁਹੰਮਦ ਫਰੀਦ ਨੂੰ ਵੀ ਭੀੜ ਨੇ ਕੁੱਟ-ਕੁੱਟ ਕੇ ਮਾਰ ਦਿੱਤਾ।

ਭਾਰਤੀ ਕਮਿਊਨਿਸਟ ਪਾਰਟੀ (ਐੱਮ ਐੱਲ) ਲਿਬਰੇਸ਼ਨ ਅਤੇ ਆਲ ਇੰਡੀਆ ਕੌਂਸਲ ਆਫ਼ ਟਰੇਡ ਯੂਨੀਅਨਜ਼ ਦੀ ਪੜਤਾਲੀਆ ਰਿਪੋਰਟ ਅਨੁਸਾਰ ਫਰੀਦ ਇਕ ਦਿਹਾੜੀਦਾਰ ਮਜ਼ਦੂਰ ਸੀ, ਜਿਹੜਾ ਸ਼ਹਿਰ ਵਿੱਚ ਪਾਰਟੀਆਂ ਦੌਰਾਨ ਤੰਦੂਰ 'ਤੇ ਰੋਟੀ ਬਣਾਉਣ ਦਾ ਕੰਮ ਕਰਦਾ ਸੀ ਅਤੇ 400 ਰੁਪਏ ਦਿਹਾੜੀ ਕਮਾਉਂਦਾ ਸੀ, ਉਹ ਆਪਣੇ ਘਰ ਦਾ ਇਲਕੌਤਾ ਕਮਾਊ ਮੈਂਬਰ ਸੀ। ਉਸ ਦੀ ਮਾਂ ਜੋ ਅਧਰੰਗ ਤੋਂ ਪੀੜਤ ਸੀ, ਉਸ ਦਾ ਇਲਾਜ ਫਰੀਦ ਹੀ ਕਰਾਉਂਦਾ ਸੀ। ਸਾਰੇ ਆਂਢੀ-ਗੁਆਂਢੀਆਂ ਨੇ ਦੱਸਿਆ ਕਿ ਫਰੀਦ ਬਹੁਤ ਨੇਕ ਅਤੇ ਇਮਾਨਦਾਰ ਬੰਦਾ ਸੀ।

ਇਕ ਵੀਡੀਓ ਵਿੱਚ ਦਿਸਦਾ ਹੈ ਕਿ 15 ਲੋਕਾਂ ਨੇ ਲਾਠੀਆਂ ਮਾਰ-ਮਾਰ ਕੇ ਉਸ ਨੂੰ ਖ਼ਤਮ ਕਰ ਦਿੱਤਾ, ਭੀੜ ਨੇ ਪਹਿਲਾਂ ਉਸ ਦੀ ਪੈਂਟ ਉਤਾਰ ਕੇ ਨਿਸ਼ਚਤ ਕੀਤਾ ਕਿ ਉਹ ਮੁਸਲਿਮ ਹੈ। ਭੀੜ 'ਚ ਇੱਕ ਬੰਦਾ ਉੱਚੀ-ਉੱਚੀ ਕਹਿ ਰਿਹਾ ਸੀ ਕਿ ਇਸ ਦੇ ਗੋਡੇ ਤੋੜੋ। ਇਹ ਘਟਨਾ ਇਕ ਦਰਜ਼ੀ ਦੀ ਦੁਕਾਨ ਦੇ ਸਾਹਮਣੇ ਵਾਪਰੀ । ਦਰਜ਼ੀ ਵੀ ਮੁਸਲਿਮ ਹੈ। ਦੋ ਬੰਦੇ ਹੋਰ ਉਸ ਦੀ ਦੁਕਾਨ ਉਤੋਂ ਫਰੀਦ ਨੂੰ ਬਚਾਉਣ ਆਏ, ਉਨ੍ਹਾਂ ਨੂੰ ਵੀ ਲਾਠੀਆਂ ਨਾਲ ਕੁੱਟਿਆ ਗਿਆ।

ਭੀੜ ਦੇ ਹਮਲੇ ਤੋਂ ਬਾਅਦ ਫਰੀਦ ਦੀ ਲਾਸ਼ ਨੂੰ ਮਲਖਾਨ ਸਿੰਘ ਹਸਪਤਾਲ ਲਿਜਾਇਆ ਗਿਆ। ਡਾਕਟਰਾਂ ਨੇ ਪੋਸਟ ਮਾਰਟਮ ਵਿੱਚ ਪਾਇਆ ਕਿ ਫਰੀਦ ਦੇ ਸਰੀਰ 'ਤੇ ਡਾਂਗਾਂ ਦੇ 22 ਜ਼ਖ਼ਮ ਸਨ, ਤਿੰਨ ਹੱਡੀਆਂ ਟੁੱਟੀਆਂ ਹੋਈਆਂ ਸੀ ਅਤੇ ਖੋਪਰੀ 'ਤੇ ਵੀ ਜ਼ਖ਼ਮ ਸਨ, ਵਧੇਰੇ ਖ਼ੂਨ ਵਹਿ ਜਾਣ ਕਾਰਨ ਉਸ ਦੀ ਮੌਤ ਹੋ ਗਈ। ਬਾਅਦ ਵਿੱਚ ਬਜਰੰਗ ਦਲ ਦੇ ਕਾਰਕੁਨਾਂ ਨੇ ਦਾਅਵਾ ਕੀਤਾ ਕਿ ਫਰੀਦ ਇਕ ਚੋਰ ਸੀ।

ਉਸੇ ਦਿਨ ਹੀ ਹਿਮਾਚਲ ਦੇ ਨਾਹਨ ਵਿਖੇ ਸਰਬ ਭਾਰਤੀ ਵਿਦਿਆਰਥੀ ਪ੍ਰੀਸ਼ਦ ਅਤੇ ਸਥਾਨਕ ਵਪਾਰੀ ਸੰਗਠਨ ਦੇ ਮੈਂਬਰਾਂ ਨੇ ਜਾਵੇਦ ਨਾਂਅ ਦੇ ਵਿਅਕਤੀ ਦੀ ਕੱਪੜੇ ਦੀ ਦੁਕਾਨ ਲੁੱਟ ਲਈ। ਉਹ ਇਕ ਹੀ ਨਾਅਰਾ, ਇਕ ਹੀ ਨਾਂਅ, ਜੈ ਸ੍ਰੀਰਾਮ ਦਾ ਲਾ ਰਹੇ ਸੀ ਅਤੇ ਪੁਲਸ ਮੂਕ ਦਰਸ਼ਕ ਬਣ ਕੇ ਖੜ੍ਹੀ ਰਹੀ।

ਜਾਵੇਦ ਮੂਲ ਰੂਪ ਵਿੱਚ ਉੱਤਰ ਪ੍ਰਦੇਸ਼ ਦਾ ਰਹਿਣ ਵਾਲਾ ਹੈ। ਭੀੜ ਨੇ ਉਸ 'ਤੇ ਇਲਜ਼ਾਮ ਲਾਇਆ ਕਿ ਉਸ ਨੇ ਆਪਣੇ ਫੋਨ 'ਤੇ ਵਟਸਅੱਪ 'ਤੇ ਪਸ਼ੂ-ਬਲੀ ਦੀ ਤਸਵੀਰ ਲਾਈ ਸੀ, ਬਾਅਦ ਵਿੱਚ ਪੁਲਸ ਨੇ ਪੁਸ਼ਟੀ ਕੀਤੀ ਕਿ ਈਦ ਵਾਲੇ ਦਿਨ ਉਸ ਨੇ ਮੱਝ ਕੱਟੀ ਸੀ ਨਾ ਕਿ ਗਾਂ। ਮੱਝ ਕੱਟਣ 'ਤੇ ਪ੍ਰਦੇਸ਼ ਵਿੱਚ ਕੋਈ ਪਾਬੰਦੀ ਨਹੀਂ ਹੈ। ਸੂਬੇ 'ਚ ਕਾਂਗਰਸ ਪਾਰਟੀ ਦੀ ਸਰਕਾਰ ਹੈ। ਇਸ ਤੋਂ ਚਾਰ ਦਿਨਾਂ ਬਾਅਦ 22 ਜੂਨ ਨੂੰ ਗੁਜਰਾਤ ਦੇ ਇਕ 23 ਸਾਲਾ ਨੌਜੁਆਨ ਸਲਮਾਨ ਵੋਹਰਾ, ਜਿਸ ਦੀ ਹਾਲੇ ਸ਼ਾਦੀ ਹੀ ਹੋਈ ਸੀ ਅਤੇ ਉਸ ਦੀ ਪਤਨੀ ਗਰਭਵਤੀ ਸੀ, ਨੂੰ ਇਕ ਸਥਾਨਕ ਕ੍ਰਿਕਟ ਮੈਚ ਸਮੇਂ ਕੁੱਟ-ਕੁੱਟ ਕੇ ਮਾਰ ਦਿੱਤਾ। ਕਾਰਨ ਇਹ ਸੀ ਕਿ ਮੁਸਲਿਮ ਖਿਡਾਰੀ ਗੈਰ-ਮੁਸਲਿਮ ਖਿਡਾਰੀਆਂ ਤੋਂ ਵਧੀਆ ਖੇਡ ਰਹੇ ਸਨ। ਇਸ 'ਤੇ ਦਰਸ਼ਨ ਭੜਕ ਗਏ। ਉਨ੍ਹਾਂ ਨੇ ਜੈ ਸ੍ਰੀ ਰਾਮ ਦੇ ਨਾਅਰੇ ਸ਼ੁਰੂ ਕਰ ਦਿੱਤੇ ਅਤੇ ਮੁਸਲਿਮ ਖਿਡਾਰੀਆਂ ਨੂੰ ਚਿੜਾਉਣ ਲੱਗ ਪਏ ਅਤੇ ਫਿਰ ਸਲਮਾਨ ਅਤੇ ਦੋ ਹੋਰ ਖਿਡਾਰੀਆਂ 'ਤੇ ਟੁੱਟ ਕੇ ਪੈ ਗਏ ਮਾਰੋ-ਮਾਰੋ ਦਾ ਰੌਲਾ ਪਾਉਂਦਿਆਂ ਉਸ ਡੰਡਿਆਂ ਤੇ ਚਾਕੂਆਂ ਨਾਲ ਸਲਮਾਨ ਨੂੰ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿੱਤਾ ਤੇ ਉਸ ਦੀ ਹਸਪਤਾਲ ਲਿਜਾਂਦਿਆਂ ਮੌਤ ਹੋ ਗਈ।

ਅਗਲਾ ਨਿਸ਼ਾਨਾ ਛੱਤੀਸ਼ਗੜ੍ਹ ਦੀ 22 ਸਾਲਾ ਨੌਜੁਆਨ ਇਸਾਈ ਲੜਕੀ ਬਿੰਦੂ ਸੋਢੀ ਬਣੀ। ਭੀੜ ਨੇ ਉਸ ਦੀ ਮਾਂ, ਭੈਣ-ਭਰਾਵਾਂ ਤੇ ਉਸ 'ਤੇ ਉਸ ਵੇਲੇ ਹਮਲਾ ਕਰ ਦਿੱਤਾ, ਜਦੋਂ ਉਹ ਖੇਤਾਂ ਵਿੱਚ ਝੋਨਾ ਲਾ ਰਹੇ ਸਨ। ਹਮਲੇ ਦੌਰਾਨ ਬਿੰਦੂ ਦੀ ਮੌਤ ਹੋ ਗਈ। ਬਿੰਦੂ ਦੀ ਮੌਤ ਇਸ ਇਲਾਕੇ 'ਚ ਕੋਈ ਪਹਿਲੀ ਘਟਨਾ ਨਹੀਂ ਹੈ, ਇਸ ਤੋਂ ਪਹਿਲਾਂ ਵੀ ਨਾਲ ਦੇ ਪਿੰਡ ਵਿੱਚ 12 ਜੂਨ ਨੂੰ ਸੱਤ ਇਸਾਈ ਪਰਵਾਰਾਂ 'ਤੇ ਹਮਲੇ ਹੋ ਚੁੱਕੇ ਹਨ।

ਹੁਣ ਜਦੋਂ ਮੈਂ ਨਫ਼ਰਤੀ ਹਿੰਸਾ ਦੀ ਹਨੇਰੀ ਸੁਰੰਗ ਵਿੱਚ ਭਾਰਤ ਦੇ ਧੱਖਣ ਬਾਰੇ ਲਿਖ ਰਿਹਾ ਸੀ, ਤਾਂ ਕਾਰਵਾਂ-ਏ-ਮੁਹੱਬਤ ਦੇ ਮੇਰੇ ਸਾਥੀਆਂ ਨੇ ਝਾਰਖੰਡ ਵਿੱਚ ਇਕ ਹੋਰ ਦਰਦਨਾਕ ਕਤਲ ਦੀ ਖ਼ਬਰ ਦਿੱਤੀ ਹੈ: ਮੌਲਾਨਾ ਸ਼ਹਾਬੁਦੀਨ ਹਜਾਰੀਬਾਗ ਜ਼ਿਲ੍ਹੇ ਇਕ ਪਿੰਡ ਵਿੱਚ ਇਮਾਮ ਸਨ। ਉਹ ਆਪਣੇ ਮੋਟਰ ਸਾਈਕਲ 'ਤੇ ਮਦਰੱਸੇ ਜਾ ਰਹੇ ਸੀ, ਜਿੱਥੇ ਉਨ੍ਹਾ 30 ਜੂਨ ਨੂੰ ਪੜ੍ਹਾਇਆ ਸੀ। ਰਾਹ ਵਿੱਚ ਉਨ੍ਹਾਂ ਦਾ ਮੋਟਰ ਸਾਈਕਲ ਇਕ ਔਰਤ ਨੂੰ ਬਚਾਉਣ ਦੇ ਚੱਕਰ ਵਿੱਚ ਤਿਲਕ ਕੇ ਡਿਗ ਪਿਆ ਤੇ ਉਹ ਅਤੇ ਔਰਤ ਵੀ ਡਿੱਗ ਪਏ। ਏਨੇ ਨੂੰ ਉੱਥੇ ਕੁਝ ਨੌਜਵਾਨ ਇਕੱਠੇ ਹੋ ਗਏ ਅਤੇ ਮੌਲਾਨਾ ਨੂੰ ਓਨੀ ਦੇਰ ਕੁੱਟਦੇ ਰਹੇ, ਜਦੋਂ ਤੱਕ ਉਸ ਦੀ ਮੌਤ ਨਹੀਂ ਹੋ ਗਈ।

ਇਸ ਨਫ਼ਰਤੀ ਹਿੰਸਾ ਦੇ ਤਾਜ਼ਾ ਫੈਲਾਅ ਚਿੰਤਾਜਨਕ ਮੱਧ ਪ੍ਰਦੇਸ਼ ਦੇ ਆਦਿਵਾਸੀ ਜ਼ਿਲ੍ਹੇ ਮਾਂਡਲਾ ਦੇ ਇਕ ਪਿੰਡ ਵਿੱਚ ਪੁਲਸ ਦੀ ਕਾਰਵਾਈ ਹੈ। ਇਹ 2015 ਵਿੱਚ ਉੱਤਰ ਪ੍ਰਦੇਸ਼ ਦੇ ਦਾਦਰੀ ਦੀ ਘਿਨਾਉਣੀ ਕਤਲ ਦੀ ਯਾਦ ਦੁਆ ਰਹੀ ਸੀ, ਜਦੋਂ ਪੇਂਡੂ ਲੋਕਾਂ ਨੇ ਦਾਅਵਾ ਕੀਤਾ ਸੀ ਕਿ ਮੁਹੰਮਦ ਅਖਲਾਕ ਦੀ ਰਸੋਈ ਵਿੱਚ ਫਰਿਜ ਵਿੱਚ ਗਊ-ਮਾਸ ਹੈ। ਇਸ 'ਦੋਸ਼' ਵਿੱਚ ਉਸ ਨੂੰ ਡਾਂਗਾਂ ਨਾਲ ਕੁੱਟ-ਕੁੱਟ ਕੇ ਮਾਰ ਦਿੱਤਾ ਸੀ।

ਹੁਣ ਨੌਂ ਸਾਲਾਂ ਬਾਅਦ ਇਹ ਹੀ ਪੁਲਸ ਹੈ, ਜਿਸ ਨੇ 11 ਪਰਵਾਰਾਂ ਦੇ ਘਰਾਂ 'ਚ ਰਸੋਈਆਂ ਦੀ ਤਲਾਸ਼ੀ ਲਈ ਹੈ ਅਤੇ ਉਥੇ ਗਊ ਮਾਸ ਲੱਭਣ ਦਾ ਦਾਅਵਾ ਕੀਤਾ ਹੈ, ਪਰ ਉਸ ਦੇ ਨਮੂਨੇ ਡੀ ਐੱਨ ਏ ਜਾਂਚ ਲਈ ਲੈਬਾਰਟੀ ਵਿੱਚ ਨਹੀਂ ਭੇਜੇ ਗਏ ਅਤੇ ਆਰ ਐੱਸ ਐੱਸ ਦੇ ਮੋਹਨ ਯਾਦਵ ਦੀ ਅਗਵਾਈ ਵਿੱਚ ਪ੍ਰਦੇਸ਼ ਦੀ ਸਰਕਾਰ ਨੇ 11 ਪਰਵਾਰਾਂ ਦੇ ਘਰ ਢਾਹ ਕੇ ਉਨ੍ਹਾਂ ਨੂੰ ਸਜ਼ਾ ਦਿੱਤੀ ਹੈ। ਜਿਸ ਨੇ ਗੈਰ ਕਾਨੂੰਨੀ "ਬੁਲਡੋਜ਼ਰ ਨਿਆਂ" ਦੀ ਵਾਪਸੀ ਦਾ ਸੰਕੇਤ ਦਿੱਤਾ ਹੈ। ਦੇਸ਼ ਦਾ ਕੋਈ ਵੀ ਕਾਨੂੰਨ ਕਿਸੇ 'ਜੁਰਮ' ਕਰਨ ਵਾਲੇ ਦਾ ਘਰ ਢਾਹੁਣ ਦੀ ਇਜਾਜ਼ਤ ਨਹੀਂ ਦਿੰਦਾ। ਕਿਸੇ ਵੀ ਵਿਅਕਤੀ ਨੂੰ ਓਨਾ ਚਿਰ ਦੋਸ਼ੀ ਨਹੀਂ ਮੰਨਿਆ ਜਾ ਸਕਦਾ, ਜਿੰਨਾ ਚਿਰ ਸੰਵਿਧਾਨ ਰਾਹੀਂ ਨਿਆਂ ਪਾਲਕਾ ਜਾਂ ਅਦਾਲਤ ਉਸ ਨੂੰ ਦੋਸ਼ੀ ਸਾਬਤ ਨਹੀਂ ਕਰਦੀ। ਹੁਣ ਫਿਰ ਮੋਦੀ ਦੇ ਇਸ ਦੌਰ ਵਿੱਚ ਭਾਜਪਾ ਸ਼ਾਸਤ ਰਾਜ਼ਾਂ ਵਿਚ "ਬੁਲਡੋਜ਼ਰ ਨਿਆਂ" ਦਾ ਲਗਾਤਾਰ ਇਸਤੇਮਾਲ ਸੰਵਿਧਾਨ ਅਤੇ ਕਾਨੂੰਨ ਦੇ ਰਾਜ ਨੂੰ ਖ਼ਤਮ ਕਰਨ ਲਈ ਕੀਤਾ ਜਾ ਰਿਹਾ ਹੈ।

ਲਗਦਾ ਸੀ ਕਿ 4 ਜੂਨ ਦੇ ਨਤੀਜਿਆਂ ਤੋਂ ਬਾਅਦ ਭਾਜਪਾ ਸੰਵਿਧਾਨ ਦੀਆਂ ਹੱਦਾਂ ਪਾਰ ਕਰਨ ਤੋਂ ਗੁਰੇਜ਼ ਕਰੇਗੀ, ਪਰ ਸਪੱਸ਼ਟ ਰੂਪ ਵਿੱਚ ਅਜਿਹਾ ਨਹੀਂ ਹੋ ਰਿਹਾ। ਮੱਧ ਪ੍ਰਦੇਸ਼ ਵਿੱਚ ਬੁਲਡੋਜ਼ਰਾ ਨੇ ਐਲਾਨ ਕਰ ਦਿੱਤਾ ਕਿ ਮੋਦੀ ਦੇ ਤੀਜੇ ਦੌਰ ਵਿੱਚ ਵੀ ਗੈਰ ਸੰਵਿਧਾਨਕ ਗੈਰ-ਕਾਨੂੰਨੀ ਸਥਿਤੀ ਜਾਰੀ ਰਹੇਗੀ, ਜਿਸ ਦੀ ਵਰਤੋਂ ਭਾਰਤੀ ਨਾਗਰਿਕ ਦੇ ਇਕ ਵਰਗ ਨੂੰ ਧਾਰਮਿਕ ਪਹਿਚਾਣ ਦੇ ਅਧਾਰ 'ਤੇ ਨਿਸ਼ਾਨਾ ਬਣਾਉਣ ਲਈ ਕੀਤੀ ਜਾ ਰਹੀ ਹੈ। ਨਵੀਂ ਬਣੀ ਸਰਕਾਰ ਦਾ ਲੋਕਾਂ ਦੇ ਨਾਂਅ ਸੰਦੇਸ਼ ਸਪੱਸ਼ਟ ਹੈ। ਧਰਾਤਲ 'ਤੇ ਕੁਝ ਵੀ ਨਹੀਂ ਬਦਲਿਆ। ਮੁਸਲਿਮ ਨਾਗਰਿਕਾਂ ਨੂੰ ਗੈਰ-ਕਾਨੂੰਨੀ ਨਫ਼ਰਤੀ ਹਿੰਸਾ-ਲੋਕਾਂ ਵੱਲੋਂ ਵੀ ਅਤੇ ਸਿੱਧੇ ਸੱਤਾ ਵੱਲੋਂ ਵੀ ਨਿਸ਼ਾਨਾ ਬਣਾਉਣ ਦਾ ਉਨ੍ਹਾ ਦਾ ਵਿਚਾਰਧਾਰਕ ਪ੍ਰਾਜੈਕਟ ਜਾਰੀ ਰਹੇਗਾ, ਬਲਕਿ ਪਹਿਲਾਂ ਨਾਲੋਂ ਵੀ ਵਧੇਰੇ ਢੀਠਤਾ ਨਾਲ ਜਾਰੀ ਰਹੇਗਾ।

ਚੋਣ ਨਤੀਜਿਆਂ ਨੇ ਆਸ਼ਾਵਾਦ ਇਸ ਲਈ ਵੀ ਪੈਦਾ ਕੀਤਾ ਸੀ ਕਿ ਜਦੋਂ ਭਾਰਤੀ ਮੁਸਲਮਾਨਾਂ ਨੂੰ ਨਫ਼ਰਤੀ ਹਿੰਸਾ ਅ

ਧਰਮ ਦੇ ਨਾਂਅ ਹੇਠ ਸਧਾਰਨ ਲੋਕਾਂ ਦੀ ਸਧਾਰਨਤਾ ਵਰਤਣ ਦਾ ਇੱਕ ਦਾਅ ਹੋਰ

ਦ੍ਰਿਸ਼ਟੀਕੋਣ

ਜਤਿੰਦਰ ਪਨੂੰ

ਬੇਸ਼ੱਕ ਆਮ ਬੋਲੀ ਵਿੱਚ ਕਿਹਾ ਜਾਣ ਲੱਗ ਪਿਆ ਹੈ ਕਿ 'ਸਧਾਰਨ ਲੋਕ ਅੱਜਕੱਲ੍ਹ ਪਹਿਲਾਂ ਜਿੰਨੇ ਸਧਾਰਨ ਨਹੀਂ ਰਹੇ', ਪਰ ਜਦੋਂ ਰਾਜਨੀਤੀ ਦੇ ਵਹਿਣ ਵੱਲ ਵੇਖੀਏ ਤਾਂ ਸਮਝ ਪੈ ਜਾਂਦੀ ਹੈ ਕਿ ਉਹ ਕਈ ਗੱਲਾਂ ਵਿੱਚ ਅੱਜ ਵੀ ਸਧਾਰਨ ਹਨ ਤੇ ਏਨੇ ਕੁ ਸਧਾਰਨ ਹਨ ਕਿ ਕੋਈ ਵੀ ਚੁਸਤ ਰਾਜ ਆਗੂ ਉਨ੍ਹਾਂ ਨੂੰ ਵਰਗਲਾ ਸਕਦਾ ਹੈ। ਭਾਰਤ ਦੇ ਲੋਕਾਂ ਦੀ ਏਸੇ ਸਧਾਰਨਤਾ ਦਾ ਲਾਭ ਕਈ ਸਾਲਾਂ ਤੱਕ ਕਾਂਗਰਸ ਦੇ ਆਗੂ ਬਦਲ-ਬਦਲ ਕੇ ਤਿਗੜਮਾਂ ਵਰਤ ਕੇ ਲੈਂਦੇ ਰਹੇ ਅਤੇ ਜਦੋਂ ਉਨ੍ਹਾਂ ਤੋਂ ਆਮ ਲੋਕਾਂ ਦਾ ਮੋਹ ਭੰਗ ਹੋਣਾ ਸ਼ੁਰੂ ਹੋਇਆ ਤਾਂ ਉਨ੍ਹਾਂ ਤੋਂ ਵੀ ਵੱਧ ਭਾਜਪਾ ਵਾਲੇ ਵਰਤਣ ਲੱਗ ਪਏ। ਫਰਕ ਪਿਆ ਤਾਂ ਸਿਰਫ ਏਨਾ ਕਿ ਕਾਂਗਰਸੀ ਆਗੂ ਆਮ ਤੌਰ ਉੱਤੇ ਧਰਮ ਨਿਰਪੱਖਤਾ ਦੀਆਂ ਗੱਲਾਂ ਕਰਦੇ ਅਤੇ ਜਦੋਂ ਰਾਜਸੀ ਲੋੜ ਹੁੰਦੀ ਸੀ, ਓਦੋਂ ਇੱਕ ਧਰਮ ਵਾਲਿਆਂ ਨੂੰ ਦੂਜੇ ਧਰਮ ਵਾਲਿਆਂ ਵਿਰੁੱਧ ਵਰਤ ਸਕਦੇ ਸਨ। ਕਦੀ ਫਿਰਕੂ ਤੱਤਾਂ ਨੂੰ ਖੁਦ ਉਕਸਾਉਂਦੇ ਸਨ, ਕਦੀ ਉਕਸਾਉਂਦੇ ਨਾ ਵੀ ਹੋਣ ਤਾਂ ਸਾਫ ਦਿੱਸਦਾ ਸੀ ਕਿ ਫਿਰਕੂ ਤੱਤਾਂ ਦਾ ਵਿਹਾਰ ਅਣਗੌਲਿਆ ਕਰ ਕੇ ਉਨ੍ਹਾਂ ਨੂੰ ਮਨਮਰਜ਼ੀ ਕਰਨ ਦੇਂਦੇ ਸਨ, ਤਾਂ ਕਿ ਜਦੋਂ ਦੂਸਰੀ ਧਿਰ ਜਵਾਬੀ ਕਦਮ ਚੁੱਕੇ ਤਾਂ ਇਨ੍ਹਾਂ ਦੋਵਾਂ ਦੇ ਇਸ ਵਿਰੋਧ ਨੂੰ ਵਰਤਣ ਅਤੇ ਸਾਂਝੀ ਧਿਰ ਬਣ ਕੇ ਅਗਲੀ ਚੋਣ ਜਿੱਤਣ ਜੋਗੀ ਗੁੰਜਾਇਸ਼ ਕੱਢ ਸਕਣ। ਲੋਕਾਂ ਦੇ ਅੱਖਾਂ ਅੱਗੋਂ ਇਹੋ ਜਿਹੇ ਕੁਝ ਮੌਕੇ ਵੀ ਗੁਜ਼ਰੇ, ਜਦੋਂ ਇੰਦਰਾ ਗਾਂਧੀ ਦੇ ਪ੍ਰਧਾਨ ਮੰਤਰੀ ਹੋਣ ਸਮੇਂ ਕਾਂਗਰਸ ਵਾਲਿਆਂ ਨੇ ਆਪਣੇ ਕੁਝ ਆਗੂਆਂ ਨੂੰ ਇੱਕ ਪਾਸੇ ਦੀ ਅੱਗ-ਉਗਲੱਛਦੀ ਧਿਰ ਵਿੱਚ ਜਾਣ ਅਤੇ ਸਭ ਤੋਂ ਵੱਧ ਜ਼ਹਿਰ ਉਗਲਣ ਦਾ ਮੌਕਾ ਦਿੱਤਾ ਤੇ ਉਸ ਦੇ ਨਾਲ ਹੀ ਉਨ੍ਹਾਂ ਦੀ ਉਲਟ ਧਿਰ ਵਿੱਚ ਆਪਣੇ ਕੁਝ ਬੰਦੇ ਇਸ ਤਰ੍ਹਾਂ ਫਿੱਟ ਕੀਤੇ ਕਿ ਪਤਾ ਨਾ ਲੱਗ ਸਕੇ। ਜਦੋਂ ਚੋਣਾਂ ਦੇ ਦਿਨ ਆਉਂਦੇ ਤਾਂ ਏਧਰਲੇ ਅਤੇ ਓਧਰਲੇ ਦੋਵਾਂ ਪਾਸਿਆਂ ਵਿੱਚ ਬਿਠਾਏ ਇਨ੍ਹਾਂ ਆਪਣੇ ਬੰਦਿਆਂ ਨੂੰ ਉਮੀਦਵਾਰ ਬਣਾ ਕੇ ਲੋਕਾਂ ਅੱਗੇ ਪੇਸ਼ ਕਰ ਦਿੱਤਾ ਜਾਂਦਾ ਤੇ ਜਿਹੜੇ ਸਧਾਰਨ ਲੋਕ ਅੱਜਕੱਲ੍ਹ ਪਹਿਲਾਂ ਜਿੰਨੇ ਸਧਾਰਨ ਨਾ ਰਹਿਣ ਬਾਰੇ ਗੱਲ ਕਹੀ ਜਾਂਦੀ ਹੈ, ਉਹ ਫਿਰ ਸਧਾਰਨ ਨਿਕਲਦੇ ਅਤੇ ਦੋਵੇਂ ਪਾਸਿਉਂ ਅੱਗ ਲਾਉਆਂ ਨੂੰ ਜਿਤਾ ਕੇ ਭੇਜ ਦੇਂਦੇ।

ਇਹੋ ਜਿਹਾ ਫਾਰਮੂਲਾ ਵਰਤਣ ਨੇ ਹੀ ਪੰਜਾਬ ਨੂੰ ਵਾਹਣੀਂ ਪਾਇਆ ਤੇ ਬਾਰਾਂ ਸਾਲ ਲੋਕ ਅੰਨ੍ਹੀ ਗਲੀ ਵਿੱਚ ਫਸੇ ਅੱਕੀਂ-ਪਲਾਹੀਂ ਹੱਥ ਮਾਰਦੇ ਤੇ ਆਪਣਿਆਂ ਦੀਆਂ ਲਾਸ਼ਾਂ ਸੰਭਾਲਦੇ ਰਹੇ। ਕਈ ਹੋਰ ਰਾਜਾਂ ਵਿੱਚ ਵੀ ਪੰਜਾਬ ਵਾਲਾ ਦੁਖਾਂਤ ਆਮ ਲੋਕਾਂ ਦੇ ਪੱਲੇ ਪਿਆ, ਪਰ ਕਦੇ ਵੀ ਕਾਂਗਰਸ ਪਾਰਟੀ ਦੇ ਕਿਸੇ ਆਗੂ ਨੇ ਆਪਣੀ ਲੀਡਰਸ਼ਿਪ ਦੀਆਂ ਇਨ੍ਹਾਂ ਚੁਸਤੀਆਂ ਅਤੇ ਇਨ੍ਹਾਂ ਨਾਲ ਹੋਏ ਨੁਕਸਾਨ ਦੀ ਚਰਚਾ ਨਹੀਂ ਕੀਤੀ, ਉਨ੍ਹਾਂ ਲਈ ਇਹੋ ਗੱਲ ਕਾਫੀ ਹੈ ਕਿ ਇਸ ਪਾਰਟੀ ਦੀ ਅਜੋਕੀ ਲੀਡਰਸ਼ਿਪ ਉਨ੍ਹਾਂ ਉੱਤੇ ਮਿਹਰਬਾਨ ਹੈ ਅਤੇ ਚੋਣ ਲੜਨ ਦਾ ਮੌਕਾ ਦੇਣ ਨੂੰ ਤਿਆਰ ਹੈ। ਅਜੋਕੇ ਸਮੇਂ ਵਿੱਚ ਜਦੋਂ ਉਹ ਦੂਸਰੀਆਂ ਪਾਰਟੀਆਂ, ਖਾਸ ਕਰ ਕੇ ਭਾਜਪਾ ਦੀ ਰਾਜਨੀਤੀ ਦੇ ਫਿਰਕੂ ਪੈਂਤੜੇ ਦੀ ਗੱਲ ਕਰਦੇ ਹਨ ਤਾਂ ਅਸਲ ਮੁੱਦਾ ਗੋਲ ਕਰ ਜਾਂਦੇ ਹਨ ਕਿ ਭਾਰਤੀ ਰਾਜਨੀਤੀ ਵਿੱਚ ਇਹ ਪੈਂਤੜੇ ਬੜਾ ਚਿਰ ਆਮ ਲੋਕਾਂ ਵਿੱਚ ਪ੍ਰਵਾਨਤ ਨਹੀਂ ਸਨ ਹੋਏ ਅਤੇ ਫਿਰ ਇਨ੍ਹਾਂ ਦੀ ਜੜ੍ਹ ਕਾਂਗਰਸੀਆਂ ਦੇ ਤਿਆਰ ਕੀਤੇ ਧਰਾਤਲ ਉੱਤੇ ਹੀ ਲੱਗੀ ਸੀ। ਜਿਹੜੀ ਗੱਲ ਕਾਂਗਰਸ ਦੇ ਆਗੂਆਂ ਨੂੰ ਓਦੋਂ ਚੋਣ-ਰਾਜਨੀਤੀ ਦਾ ਲੁਕਮਾਨੀ ਨੁਸਖਾ ਲੱਗ ਰਹੀ ਹੋਵੇਗੀ, ਉਹ ਅੱਜ ਭਾਰਤ ਦੇ ਲੋਕਾਂ ਤੇ ਇਸ ਦੇਸ਼ ਦੇ ਭਵਿੱਖ ਉੱਤੇ ਸਵਾਲੀਆ ਨਿਸ਼ਾਨਾਂ ਦੀ ਲੰਮੀ ਕਤਾਰ ਬੰਨ੍ਹਣ ਵਾਲੀ ਦਿਖਾਈ ਦੇਂਦੀ ਪਈ ਹੈ।

ਅੱਜ ਦੇ ਭਾਰਤ ਦੀ ਰਾਜਨੀਤੀ ਦਾ ਦਿਸ਼ਾ-ਸੂਚਕ ਨਾਗਪੁਰੀ ਕੇਂਦਰ ਬਣਿਆ ਪਿਆ ਹੈ, ਪਰ ਉਹ ਹਰ ਗੱਲ ਵਿੱਚ ਓਥੋਂ ਸਿੱਧੇ ਨਿਰਦੇਸ਼ ਜਾਂ ਹਦਾਇਤਾਂ ਨਹੀਂ ਭੇਜਦੇ, ਸਗੋਂ ਬਚਪਨ ਤੋਂ ਉਨ੍ਹਾਂ ਦੀਆਂ ਸ਼ਾਖਾਵਾਂ ਵਿੱਚ ਜਾਂਦੇ ਅਤੇ ਇਸ ਬਾਰੇ ਮਾਨਸਿਕ ਪੱਖੋਂ ਤਿਆਰ ਕੀਤੇ ਗਏ ਬੱਚੇ ਅੱਜ ਸਮੇਂ ਨਾਲ ਵੱਡੇ ਲੀਡਰ ਬਣਨ ਪਿੱਛੋਂ ਖੁਦ ਕਰ ਰਹੇ ਹਨ। ਦੇਸ਼ ਦੀ ਕਿਸੇ ਨੁੱਕਰ ਵਿੱਚ ਕੀ ਹੁੰਦਾ ਹੈ, ਹਰ ਗੱਲ ਨਾਗਪੁਰ ਤੋਂ ਤੈਅ ਨਹੀਂ ਕੀਤੀ ਜਾਂਦੀ, ਨਾਗਪੁਰੀਆ ਸੋਚਣੀ ਵਾਲੇ ਆਗੂ ਖੁਦ ਜਿੱਥੇ ਵੀ ਹਨ, ਉਹ ਇਹ ਕੁਝ ਕਰੀ ਜਾਂਦੇ ਹਨ, ਪਰ ਇਨ੍ਹਾਂ ਖੇਡਾਂ ਵਿੱਚੋਂ ਕਈ ਦਹਾਕਿਆਂ ਦੀ ਕਾਂਗਰਸੀ ਰਾਜਨੀਤੀ ਦੀ ਝਲਕ ਲੁਕਾਈ ਨਹੀਂ ਲੁਕਦੀ। ਯੋਗੀ ਆਦਿੱਤਿਆਨਾਥ ਮੁੱਖ ਮੰਤਰੀ ਬਣਨ ਤੋਂ ਪਹਿਲਾਂ ਵੀ ਇਸ ਨੀਤੀ ਨੂੰ ਰਾਜਨੀਤੀ ਦਾ ਪੈਂਤੜਾ ਬਣਾ ਕੇ ਚਲਦਾ ਰਿਹਾ ਹੈ। ਉਸ ਨੇ ਇੱਕ ਵਾਰ ਬਾਪ-ਦਾਦੇ ਦੇ ਵੇਲਿਆਂ ਤੋਂ ਮੁਸਲਿਮ ਬਣੇ ਲੋਕਾਂ ਦੀ ਹਿੰਦ ਧਰਮ ਵਿੱਚ ਵਾਪਸੀ ਦੇ ਸਮਾਗਮ ਸ਼ੁਰੂ ਕਰ ਦਿੱਤੇ ਸਨ। ਓਦੋਂ ਵੀ ਬਹੁਤ ਰੌਲਾ ਪਿਆ ਸੀ, ਪਰ ਉਹ ਇੱਕੋ ਗੱਲ ਉੱਤੇ ਅੜਿਆ ਰਿਹਾ ਸੀ ਕਿ ਉਹ ਕਿਸੇ ਦਾ ਧਰਮ ਪ੍ਰੀਵਰਤਨ ਨਹੀਂ ਕਰਵਾ ਰਿਹਾ, ਜਿਹੜੇ ਲੋਕ ਪੁਰਾਣੇ ਛੱਡੇ ਹੋਏ ਧਰਮ ਵਿੱਚ ਮੁੜਨ ਲਈ ਤਿਆਰ ਹਨ, ਉਨ੍ਹਾਂ ਨੂੰ ਮੌਕਾ ਪੇਸ਼ ਕਰਦਾ ਹੈ। ਜੇ ਉਸ ਦੀ ਇਸ ਸਮਾਗਮ ਲੜੀ ਦੀ ਤਾਰ ਪਿੱਛੋਂ ਨਾਗਪੁਰ ਤੋਂ ਖਿੱਚੀ ਜਾ ਰਹੀ ਹੁੰਦੀ ਤਾਂ ਸਮਾਗਮ ਸਾਰੇ ਦੇਸ਼ ਵਿੱਚ ਹੋਣ ਲੱਗ ਜਾਂਦੇ, ਪਰ ਇਹ ਸਭ ਯੋਗੀ ਆਦਿੱਤਿਆਨਾਥ ਦੇ ਲੋਕ ਸਭਾ ਹਲਕੇ ਵਿੱਚ ਜਾਂ ਕੁਝ ਕੁ ਹੋਰ ਥਾਈਂ ਹੋਇਆ ਸੀ, ਪੂਰੇ ਉੱਤਰ ਪ੍ਰਦੇਸ਼ ਵਿੱਚ ਵੀ ਨਹੀਂ ਸੀ ਹੋਇਆ। ਜਦੋਂ ਇਸ ਦਾ ਵਿਰੋਧ ਹੋਣਾ ਸ਼ੁਰੂ ਹੋਇਆ ਤਾਂ ਸਾਰੇ ਦੇਸ਼ ਵਿੱਚੋਂ ਸੰਘ ਦੀ ਸੋਚ ਨਾਲ ਜੁੜੇ ਹੋਏ ਸੰਗਠਨਾਂ ਤੇ ਲੋਕਾਂ ਨੇ ਇਸ ਦੇ ਪੱਖ ਵਿੱਚ ਖੜੇ ਹੋਣਾ ਸ਼ੁਰੂ ਕਰ ਦਿੱਤਾ ਸੀ। ਸ਼ੁਰੂਆਤ ਇੱਕ ਨੇ ਕੀਤੀ ਸੀ, ਹਮਾਇਤ ਦੇ ਪਿੱਛੇ ਇੱਕ ਪੂਰੀ ਸੋਚ ਆਣ ਖੜੋਤੀ ਸੀ।

ਏਦਾਂ ਦੇ ਮੁਹਿੰਮਬਾਜ਼ਾਂ ਨੂੰ ਆਪਣੇ ਪਿੱਛੇ ਆਮ ਲੋਕ ਖੜੇ ਕਰਨ ਦੇ ਦਾਅ ਵੀ ਸੁੱਝਦੇ ਰਹਿੰਦੇ ਹਨ ਤੇ ਇਸ ਸੋਚ ਦੇ ਪੱਖ ਵਿੱਚ ਹੋਰ ਲੋਕਾਂ ਦੀਆਂ ਆਵਾਜ਼ਾਂ ਉੱਠਣ ਦਾ ਵੀ ਅਗੇਤਾ ਪਤਾ ਹੁੰਦਾ ਹੈ। ਇਸੇ ਸੋਚ ਲਈ ਇਸ ਵਾਰ ਉੱਤਰ ਪ੍ਰਦੇਸ਼ ਵਿੱਚ ਕਾਂਵੜ ਯਾਤਰਾ ਦੇ ਮੌਕੇ ਨੂੰ ਹਿੰਦੂ ਧਰਮ ਦੇ ਨਾਂਅ ਉੱਤੇ ਲਾਮਬੰਦੀ ਵਧਾਉਣ ਲਈ ਵਰਤਣ ਦਾ ਇੱਕ ਹੋਰ ਯਤਨ ਕੀਤਾ ਗਿਆ ਹੈ। ਕਾਂਵੜ ਯਾਤਰਾ ਤਾਂ ਪਹਿਲਾਂ ਵੀ ਹਰ ਸਾਲ ਚਲਦੀ ਰਹੀ ਹੈ, ਕਈ ਵਾਰ ਇਸ ਮੌਕੇ ਦੰਗੇ ਹੋਣ ਦੀ ਖਬਰ ਵੀ ਕਦੇ-ਕਦੇ ਆ ਜਾਂਦੀ ਸੀ, ਪਰ ਉਹ ਖਬਰਾਂ ਹਿੰਦੂ-ਮੁਸਲਿਮ ਰੰਗ ਦੀਆਂ ਹੋਣ ਦੀ ਥਾਂ ਸੜਕੀ ਹਾਦਸੇ ਦੇ ਵਕਤ ਢਿੱਲੇ ਪ੍ਰਸ਼ਾਸਕੀ ਤੇ ਪੁਲਸ ਪ੍ਰਬੰਧ ਦੇ ਕਾਰਨ ਹੋਈ ਸਾੜ-ਫੂਕ ਬਾਰੇ ਹੁੰਦੀਆਂ ਸਨ। ਦੋ ਕੁ ਸਾਲ ਪਹਿਲਾਂ ਦੀ ਖਬਰ ਬਹੁਤ ਘੱਟ ਲੋਕਾਂ ਨੂੰ ਯਾਦ ਹੋਵੇਗੀ ਕਿ ਉੱਤਰ ਪ੍ਰਦੇਸ਼ ਵਿੱਚ ਕੁਝ ਪੁਲਸ ਅਫਸਰਾਂ ਨੇ ਸ਼ਰਧਾ ਨਾਲ ਜਾਂਦੇ ਕਾਂਵੜ ਯਾਤਰੀਆਂ ਉੱਤੇ ਹੈਲੀਕਾਪਟਰ ਨਾਲ ਫੁੱਲ ਵਰਸਾਏ ਸਨ। ਓਦੋਂ ਇਹ ਕੁਝ ਸਾਰੇ ਰਾਜ ਵਿੱਚ ਨਹੀਂ ਸੀ ਹੋਇਆ, ਕਿਸੇ ਖਾਸ ਥਾਂ ਹੋਇਆ ਸੀ, ਜਿੱਥੇ ਆਪਣੀ ਸਰਕਾਰੀ ਡਿਊਟੀ ਕਰਨ ਤੋਂ ਵੱਧ ਇੱਕ ਖਾਸ ਸੋਚ ਲਈ ਕੰਮ ਕਰਨ ਵਾਲਾ ਕੋਈ ਅਫਸਰ ਤਾਇਨਾਤ ਸੀ ਅਤੇ ਉਹ ਇੱਕੋ ਵੇਲੇ ਕਾਂਵੜੀਆਂ ਨੂੰ ਖੁਸ਼ ਕਰਨ ਦੇ ਨਾਲ ਸੂਬੇ ਦੇ ਮੁੱਖ ਮੰਤਰੀ ਨੂੰ ਵੀ ਇਹ ਸੁਨੇਹਾ ਦੇਣਾ ਚਾਹੁੰਦਾ ਸੀ ਕਿ ਤੁਹਾਡਾ ਪੱਕਾ ਭਗਤ ਇਸ ਇਲਾਕੇ ਵਿੱਚ ਹੈ। ਇਹੋ ਜਿਹੇ ਅਫਸਰ ਕਿਸ ਹੱਦ ਤੱਕ ਜਾ ਸਕਦੇ ਹਨ, ਸਾਨੂੰ ਪੰਜਾਬ ਵਿੱਚ ਕਈ ਵਾਰ ਸੱਟਾਂ ਖਾ ਚੁੱਕੇ ਲੋਕਾਂ ਨੂੰ ਇਸ ਦਾ ਕਾਫੀ ਸਾਰਾ ਕੌੜਾ ਤਜਰਬਾ ਹੁੰਦਾ ਰਿਹਾ ਹੈ।

ਜੁਲਾਈ ਦੇ ਤੀਸਰੇ ਹਫਤੇ ਇੱਕ ਦਿਨ ਅਚਾਨਕ ਇੱਕ ਖਾਸ ਜ਼ਿਲ੍ਹੇ ਵਿੱਚ ਪੁਲਸ ਦੇ ਮੁਖੀ ਨੇ ਇਸ ਤਰ੍ਹਾਂ ਦਾ ਇੱਕ ਨੋਟਿਸ ਕੱਢ ਦਿੱਤਾ ਕਿ ਕਾਂਵੜ ਯਾਤਰਾ ਦੇ ਰਸਤੇ ਉੱਤੇ ਪੈਂਦੇ ਹਰ ਢਾਬੇ, ਰੈਸਟੋਰੈਂਟ ਜਾਂ ਖਾਣ-ਪੀਣ ਦੀ ਹਰ ਦੁਕਾਨ ਦੇ ਬੋਰਡ ਉੱਤੇ ਉਸ ਦੇ ਮਾਲਕ ਦਾ ਨਾਂਅ ਲਿਖ ਦਿੱਤਾ ਜਾਵੇ। ਕਾਰਨ ਇਹ ਦੱਸਿਆ ਗਿਆ ਕਿ ਗੈਰ-ਹਿੰਦੂ ਦੁਕਾਨ ਤੋਂ ਕੁਝ ਲੈ ਕੇ ਖਾਣ ਨਾਲ ਜੇ ਕੁਝ ਗਲਤ ਖਾਧਾ ਗਿਆ ਤਾਂ ਕਾਂਵੜ ਯਾਤਰੀਆਂ ਦੀਆਂ ਧਾਰਮਕ ਭਾਵਨਾਵਾਂ ਨੂੰ ਠੇਸ ਲੱਗ ਸਕਦੀ ਹੈ ਅਤੇ ਇਸ ਨਾਲ ਰਾਜ ਦੇ ਅਮਨ-ਕਾਨੂੰਨ ਵਿੱਚ ਵਿਗਾੜ ਆ ਸਕਦਾ ਹੈ। ਕਈ ਪਾਸਿਆਂ ਤੋਂ ਜਦੋਂ ਇਸ ਨੋਟਿਸ ਵਿਰੁੱਧ ਆਵਾਜ਼ ਉਠਾਈ ਜਾਣ ਲੱਗੀ ਤਾਂ ਕਈ ਹੋਰ ਪਾਸਿਆਂ ਤੋਂ ਇਸ ਦੇ ਪੱਖ ਵਿੱਚ ਉਸ ਸੋਚ ਵਾਲੇ ਵੀ ਉੱਠ ਖੜੋਤੇ। ਗਵਾਂਢੀ ਰਾਜ ਉੱਤਰਾਖੰਡ ਵਿੱਚੋਂ ਵੀ ਕਿਸੇ ਅਫਸਰ ਨੇ ਏਦਾਂ ਦਾ ਬਿਆਨ ਦੇ ਦਿੱਤਾ, ਮੱਧ ਪ੍ਰਦੇਸ਼ ਦੇ ਇੱਕ ਸ਼ਹਿਰ ਦੀ ਕੌਂਸਲ ਨੇ ਵੀ ਏਦਾਂ ਦਾ ਨੋਟਿਸ ਕੱਢ ਦਿੱਤਾ। ਬਿਹਾਰ ਦਾ ਮੁੱਖ ਮੰਤਰੀ ਨਿਤਿਸ਼ ਕੁਮਾਰ ਬੇਸ਼ੱਕ ਇਸ ਦੇ ਵਿਰੁੱਧ ਬੋਲਿਆ, ਪਰ ਉਸ ਰਾਜ ਵਿੱਚੋਂ ਵੀ ਜਦੋਂ ਭਾਜਪਾ ਵਾਲਿਆਂ ਨੇ ਇਹੋ ਗੱਲਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਤਾਂ ਉਸ ਨੇ ਇਸ ਬਾਰੇ ਚੁੱਪ ਜਿਹੀ ਵੱਟ ਲਈ। ਮਾਮਲਾ ਸੁਪਰੀਮ ਕੋਰਟ ਗਿਆ ਤਾਂ ਦੇਸ਼ ਦੀ ਸਭ ਤੋਂ ਵੱਡੀ ਅਦਾਲਤ ਨੇ ਇਸ ਵਿਹਾਰ ਨੂੰ ਰੋਕਣ ਦਾ ਆਰਜ਼ੀ ਹੁਕਮ ਦੇ ਦਿੱਤਾ ਤੇ ਕੁਝ ਦਿਨ ਬਾਅਦ ਦੂਸਰੀ ਸੁਣਵਾਈ ਪਿੱਛੋਂ ਵੀ ਇਹ ਹੁਕਮ ਜਾਰੀ ਰੱਖਿਆ, ਪਰ ਦੇਸ਼ ਦੀ ਸਰਕਾਰ ਇਸ ਬਾਰੇ ਬੋਲਣ ਤੋਂ ਬਚਦੀ ਰਹੀ ਸੀ, ਕਿਉਂਕਿ ਉਸ ਦੀ ਅਗਵਾਈ ਕਰਨ ਵਾਲਿਆਂ ਦੀ ਆਪਣੀ ਸਹਿਮਤੀ ਇਸ ਸੋਚ ਵਾਲੇ ਲੋਕਾਂ ਨਾਲ ਹੈ। ਉਨ੍ਹਾਂ ਨੂੰ ਪਤਾ ਹੈ ਕਿ ਹਿੰਦੂ-ਮੁਸਲਿਮ ਕਤਾਰਬੰਦੀ ਅੱਗੇ ਵਧੇਗੀ ਤਾਂ ਅਗਲੀ ਚੋਣ ਮੌਕੇ ਇਸ ਦਾ ਲਾਭ ਸਿਰਫ ਉਨ੍ਹਾਂ ਨੂੰ ਹੋਣਾ ਹੈ, ਬਾਕੀ ਸਾਰੀਆਂ ਰਾਜਸੀ ਧਿਰਾਂ ਨੂੰ ਇੱਕ ਜਾਂ ਦੂਸਰੀ ਤਰ੍ਹਾਂ ਖੋਰਾ ਹੀ ਲੱਗੇਗਾ।

ਸਵਾਲ ਇਹ ਉੱਠਦਾ ਹੈ ਕਿ ਕੀ ਅਸੀਂ ਭਾਰਤ ਨੂੰ ਉਸ ਜ਼ਮਾਨੇ ਵੱਲ ਜਾਂਦਾ ਵੇਖਾਂਗੇ, ਜਦੋਂ ਅੰਗਰੇਜ਼ਾਂ ਨੇ ਰੇਲਵੇ ਸਟੇਸ਼ਨਾਂ ਅਤੇ ਬੱਸ ਅੱਡਿਆਂ ਉੱਤੇ ਦੋ-ਦੋ ਘੜੇ ਪਾਣੀ ਵਾਲੇ ਰੱਖ ਦਿੱਤੇ ਸਨ, ਜਿਨ੍ਹਾਂ ਵਿੱਚੋਂ ਇੱਕ ਉੱਤੇ 'ਹਿੰਦੂ ਦਾ ਪਾਣੀ' ਅਤੇ ਦੂਸਰੇ ਉੱਤੇ 'ਮੁਸਲਮਾਨ ਦਾ ਪਾਣੀ' ਲਿਖਵਾ ਦਿੱਤਾ ਗਿਆ ਸੀ। ਹਿੰਦੂ ਵਾਲੇ ਘੜੇ ਵਿੱਚੋਂ ਹਿੰਦੂ ਤੇ ਸਿੱਖ ਪਾਣੀ ਪੀਂਦੇ ਸਨ ਤੇ ਦੂਸਰੇ ਘੜੇ ਵਿੱਚੋਂ ਸਿਰਫ ਮੁਸਲਮਾਨ ਪੀਂਦੇ ਸਨ। ਉਸ ਵੇਲੇ ਦੇ ਇੱਕ ਰੇਲ ਅਧਿਕਾਰੀ ਬਜ਼ੁਰਗ ਨੂੰ ਅਸੀਂ ਇੱਕ ਵਾਰ ਇਹ ਪੁੱਛਿਆ ਕਿ ਪਾਣੀ ਲਈ ਦੋਵੇਂ ਘੜੇ ਵੱਖ-ਵੱਖ ਸਨ, ਪਾਣੀ ਭਰਨ ਲਈ ਸੇਵਾਦਾਰ ਵੀ ਵੱਖੋ-ਵੱਖਰੇ ਧਰਮ ਦਾ ਸੀ ਜਾਂ ਨਹੀਂ ਤੇ ਉਨ੍ਹਾਂ ਦੱਸਿਆ ਸੀ ਕਿ ਇੱਕੋ ਮੁਲਾਜ਼ਮ ਹੁੰਦਾ ਸੀ, ਜਿਸ ਦੀ ਪੋਸਟ ਓਦੋਂ 'ਵਾਟਰਮੈਨ' ਜਾਂ 'ਪਾਣੀ ਵਾਲਾ' ਲਿਖੀ ਜਾਇਆ ਕਰਦੀ ਸੀ। ਪਾਣੀ ਪੀਣ ਵਾਲੇ ਲੋਕ ਇੱਕ-ਦੂਸਰੇ ਦੇ ਧਰਮ ਵਾਲਾ ਪਾਣੀ ਬੇਸ਼ੱਕ ਨਹੀਂ ਸਨ ਪੀਂਦੇ ਹੁੰਦੇ, ਪਾਣੀ ਇੱਕੋ ਵਿਅਕਤੀ ਦਾ ਭਰਿਆ ਪੀਂਦੇ ਸਨ, ਜਾਤ ਉਸ ਦੀ ਕੋਈ ਨਹੀਂ ਸੀ ਪੁੱਛਦਾ। ਇਹੋ ਗੱਲ ਅੱਜ ਪੁੱਛੀ ਜਾ ਸਕਦੀ ਹੈ ਕਿ ਰਾਹ ਵਿਚਲੇ ਢਾਬਿਆਂ ਅਤੇ ਖਾਣ-ਪੀਣ ਦੀਆਂ ਦੁਕਾਨਾਂ ਦੇ ਮਾਲਕਾਂ ਤੇ ਕੰਮ ਕਰਦੇ ਲੋਕਾਂ ਦੇ ਨਾਵਾਂ ਦੀ ਸੂਚੀ ਤਾਂ ਬਾਹਰ ਲਗਵਾ ਦਿੱਤੀ ਜਾਵੇਗੀ, ਪਿੱਛੋਂ ਉਸ ਦੁਕਾਨ ਨੂੰ ਦੁੱਧ ਸਪਲਾਈ ਕਰਨ ਵਾਲਾ ਕਿਹੜੇ ਧਰਮ ਦਾ ਸੀ, ਕੀ ਇਹ ਵੀ ਵੇਖਿਆ ਜਾਵੇਗਾ? ਉਸ ਢਾਬੇ ਲਈ ਆਟਾ ਪੀਸਣ, ਸਬਜ਼ੀ ਪੁੱਟ ਕੇ ਖੇਤਾਂ ਵਿੱਚੋਂ ਲਿਆਉਣ ਵਾਲੇ ਵੀ ਪਤਾ ਨਹੀਂ ਕਿਹੜੇ ਧਰਮ ਦੇ ਹੋਣਗੇ ਅਤੇ ਪਾਣੀ ਜਿਸ ਟੂਟੀ ਤੋਂ ਆਉਂਦਾ ਹੈ, ਉਸ ਨੂੰ ਫਿੱਟ ਕਰਨ ਤੋਂ ਲੈ ਕੇ ਉਸ ਦਾ ਪਾਣੀ ਭਰਨ ਤੱਕ ਦੇ ਕੰਮ ਵਿੱਚ ਤਾਂ ਹਰ ਧਰਮ ਦੇ ਲੋਕ ਸ਼ਾਮਲ ਹੋ ਸਕਦੇ ਹਨ। ਵਿਦੇਸ਼ਾਂ ਦੇ ਦੌਰੇ ਦੌਰਾਨ ਅਸੀਂ ਵੇਖਦੇ ਹਾਂ ਕਿ ਜਹਾਜ਼ ਵਿੱਚ ਖਾਣਾ ਵਰਤਾਉਂਦੀਆਂ ਏਅਰ ਹੋਸਟੈੱਸ ਜਾਂ ਉਹੀ ਕੰਮ ਕਰਦੇ ਨੌਜਵਾਨ ਵੱਖ-ਵੱਖ ਧਰਮਾਂ ਦੇ ਹੁੰਦੇ ਹਨ, ਪਰ ਅਸੀਂ ਕਦੀ ਕਿਸੇ ਰਹਿਤਵਾਨ ਨੂੰ ਉਨ੍ਹਾਂ ਹੱਥੋਂ ਖਾਣਾ ਲੈਣ ਤੋਂ ਨਾਂਹ ਕਰਦੇ ਨਹੀਂ ਵੇਖਿਆ। ਦੋ ਦਿਨ ਪਹਿਲਾਂ ਉੱਤਰਾਖੰਡ ਵਿੱਚ ਕਾਂਵੜ ਯਾਤਰੀ ਜਾਂਦੇ ਹੋਏ ਇੱਕ ਘਾਟ ਉੱਤੇ ਇਸ਼ਨਾਨ ਕਰਨ ਲੱਗ ਪਏ ਤਾਂ ਉਨ੍ਹਾਂ ਵਿੱਚੋਂ ਇੱਕ ਜਣਾ ਪਾਣੀ ਵਿੱਚ ਰੁੜ੍ਹ ਗਿਆ। ਸਰਕਾਰ ਨੇ ਜਿਹੜੇ ਕਰਿੰਦੇ ਉਸ ਘਾਟ ਉੱਤੇ ਲੋਕਾਂ ਦੀ ਜਾਨ ਬਚਾਉਣ ਲਈ ਤਾਇਨਾਤ ਕੀਤੇ ਸਨ, ਉਨ੍ਹਾਂ ਵਿੱਚੋਂ ਇੱਕ ਜਣੇ ਨੇ ਛਾਲ ਮਾਰੀ ਤੇ ਡੁੱਬ ਰਹੇ ਕਾਂਵੜ ਯਾਤਰੀ ਨੂੰ ਬਚਾ ਲਿਆਇਆ ਅਤੇ ਪਿੱਛੋਂ ਪਤਾ ਲੱਗਾ ਕਿ ਮੋਢਿਆਂ ਉੱਤੇ ਚੁੱਕ ਕੇ ਲਿਆਉਣ ਵਾਲਾ ਨੌਜਵਾਨ ਮੁਸਲਮਾਨ ਸੀ, ਓਦੋਂ ਉਸ ਵਿਰ

28-July-Sunday.qxd 7/27/2024 9:40 PM Page 4

ਸਵੈ-ਹੋਂਦ, ਸਵੈ-ਪਛਾਣ ਲਈ ਸੰਘਰਸ਼ ਦੀ ਗਾਥਾ

ਛੱਜੂ ਖੁਰੀਆਂ ਵਾਲਾ

(ਕਹਾਣੀ ਸੰਗ੍ਰਹਿ)
ਡਾ. ਮਨਜੀਤ ਸਿੰਘ 'ਮਝੈਲ'
ਸਫੇ : 112, ਮੁੱਲ :250 ਰੁਪਏ
ਤਰਲੋਚਨ ਪਬਲੀਕੇਸ਼ਨ, ਚੰਡੀਗੜ੍ਹ



ਫੋਕਸ

ਚਰਚਾ ਇਕ ਪੁਸਤਕ ਦੀ

ਡਾ. ਹਰਿੰਦਰ ਸਿੰਘ ਤੁੜ

ਡਾ. ਮਨਜੀਤ ਸਿੰਘ ਮਝੈਲ ਦਾ ਪੰਜਾਬੀ ਕਹਾਣੀ ਵਿਚ ਵਿਲੱਖਣ ਸਥਾਨ ਹੈ। ਉਸ ਦੀਆਂ ਕਹਾਣੀਆਂ ਸਵੈ-ਹੋਂਦ ਤੇ ਸਵੈ-ਪਛਾਣ ਲਈ ਸੰਘਰਸ਼ਮਈ ਰਸਤਾ ਅਪਨਾਉਣ ਲਈ ਪ੍ਰੇਰਿਤ ਕਰਦੀਆਂ ਹਨ। ਕਹਾਣੀਆਂ ਦੀਆਂ ਗਲਪੀ ਦੰਦਾਂ ਸਮਾਜਿਕ, ਰਾਜਨੀਤਿਕ, ਧਾਰਮਿਕ, ਸੱਭਿਆਚਾਰਕ ਪੱਖਾਂ ਨਾਲ ਸੰਵਾਦ ਰਚਾ ਕੇ ਮਨੁੱਖ ਨੂੰ ਆਪਣੇ ਇਤਿਹਾਸ ਨਾਲ ਜੋੜ ਕੇ ਵਰਤਮਾਨ ਪ੍ਰਤੀ ਸਮਝ ਪ੍ਰਦਾਨ ਕਰਦੀਆਂ ਹਨ।

ਕਹਾਣੀ 'ਭੰਗੜ' ਮਨੁੱਖੀ ਪਛਾਣ ਤੇ ਸਵੈ ਦੀ ਕਾਇਮੀ ਲਈ ਹੱਕ-ਸੱਚ ਉੱਤੇ ਚਲਦੇ ਨਿਹਾਲ ਸਿੰਘ ਭੰਗੜ ਦੇ ਜੀਵਨ ਨੂੰ ਰੂਪਮਾਨ ਕਰਦੀ ਹੈ। ਆਮ ਮਨੁੱਖ ਹੱਕ-ਸੱਚ, ਈਮਾਨ ਤੇ ਕਿਰਤ ਕਰੋ ਦੇ ਸਿਧਾਂਤ ਉੱਤੇ ਚੱਲਣਾ ਚਾਹੁੰਦਾ ਹੈ ਪਰ ਸਰਕਾਰ ਦੁਆਰਾ ਆਪਣੀ ਰੱਖਿਆ ਤੇ ਦੂਜਿਆਂ ਉੱਤੇ ਜ਼ੁਲਮ ਕਰਨ ਲਈ ਬਣਾਇਆ ਪੁਲਸ ਤੰਤਰ ਤੇ ਨਿਆਂ ਆਮ ਲੁਕਾਈ ਦੀ ਲੋਕਾਈ ਨੂੰ ਜਿਉਣ ਨਹੀਂ ਦਿੰਦਾ। ਇਸ ਕਹਾਣੀ ਦਾ ਬਿਰਤਾਂਤ ਪਿੰਡ ਦੇ ਸਵੱਛ ਵਾਤਾਵਰਨ ਵਿਚ ਵਿਚਰਦੇ ਸੱਚੇ ਮਨੁੱਖ ਦੀਆਂ ਪਰਤਾਂ ਨੂੰ ਉਘਾੜਦਾ ਹੈ। ਨਿਹਾਲ ਸਿੰਘ ਭੰਗੜ ਮਜ਼ਦੂਰ ਸ਼੍ਰੇਣੀ ਨੂੰ ਰੂਪਮਾਨ ਕਰਦਾ ਹੈ, ਪਰ ਕਿਰਤ ਦੀ ਲੁੱਟ ਤੇ ਮਜ਼ਦੂਰ ਦੀ ਲੁੱਟ ਕਰਨ ਵਾਲੇ ਸਾਮਰਾਜਵਾਦ ਦੇ ਪੈਰੋਕਾਰ ਸਰਕਾਰਾਂ, ਨਿਆਂ ਤੇ ਪੁਲਸਤੰਤਰ ਮਨੁੱਖੀ ਜੀਵਨ ਨੂੰ ਤਰਾਸਦੀ ਦੀ ਦਲਦਲ ਵਿੱਚ ਸੁੱਟ ਦਿੰਦੇ ਹਨ ਤੇ ਆਮ ਮਨੁੱਖ ਆਪਣੀ ਸੱਚੀ ਤੇ ਸੁੱਚੀ ਕਿਰਤ ਤੋਂ ਵੀ ਹੱਥ ਧੋ ਲੈਂਦਾ ਹੈ।

ਕਹਾਣੀ ਦਾ ਮੁੱਖ ਪਾਤਰ ਨਿਹਾਲ ਸਿੰਘ ਸ਼ਰਦਾਈ ਜਾਂ ਭੰਗ ਵਾਲੀ ਸ਼ਰਦਾਈ ਪੀਣ ਕਰਕੇ 'ਭੰਗੜ' ਦੇ ਨਾਂਅ ਨਾਲ ਮਸ਼ਹੂਰ ਹੈ ਅਤੇ ਆਪਣੀ ਕਿਰਤ ਦਾ ਸਚਿਆਰਾ ਹੋਣ ਕਰਕੇ ਲੋਕ ਉਸ ਕੋਲੋਂ ਹੀ ਰਾਜਗਿਰੀ ਦਾ ਕੰਮ ਕਰਵਾਉਂਦੇ ਹਨ ਤੇ ਆਪਣੀ ਵਾਰੀ ਦੀ ਉਡੀਕ ਵੀ ਕਰਦੇ ਹਨ, ਉਸ ਦੀ ਉੱਚੀ-ਸੁੱਚੀ ਕਿਰਤ ਦਾ ਚਿਤਰਨ :

ਹੱਥਾਂ ਦਾ ਬੜਾ ਛੋਹਲਾ ਤੇ ਸੁਚੱਜਾ, ਸੁਭਾਅ ਦਾ ਥੋੜ੍ਹਾ ਗਰਮ ਤੇ ਚੋਟੀ ਦਾ ਕਾਰੀਗਰ ਸੀ। ਉਸ ਦੇ ਚਿਹਰੇ 'ਤੇ ਸੱਚੀ-ਸੁੱਚੀ ਕਿਰਤ ਦਾ ਨੂਰ ਸੀ। ਲੋਕ ਉਸ ਦੀ ਕਾਰੀਗਰੀ ਬਾਰੇ ਜਾਣਦੇ ਸਨ। ਇਸ ਕਰਕੇ ਉਸ ਨੂੰ ਕਦੇ ਕੰਮ ਲੱਭਣ ਨਹੀਂ ਸੀ ਜਾਣਾ ਪੈਂਦਾ। ਲੋਕੀਂ ਮਹੀਨਿਆਂਬੱਧੀ ਉਸ ਤੋਂ ਕੰਮ ਕਰਵਾਉਣ ਲਈ ਉਡੀਕ ਕਰਦੇ ਸਨ।(17)

ਨਿਹਾਲ ਸਿੰਘ ਭੰਗੜ ਜ਼ੁਬਾਨ ਦਾ ਪੱਕਾ, ਕੰਮ ਦਾ ਸੱਚਾ ਤੇ ਇਮਾਨਦਾਰ ਸੀ, ਪਰ ਉਸ ਦੀ ਕਿਰਤ ਉੱਤੇ ਪੁਲਸਤੰਤਰ ਦੀ ਸਾਮਰਾਜਵਾਦੀ ਨੀਤੀ 'ਤਾਨਾਸ਼ਾਹੀ ਤੇ ਵਗਾਰ' ਦਾ ਪਰਛਾਵਾਂ ਪੈ ਗਿਆ।ਤਾਨਾਸ਼ਾਹੀ ਧਿਰਾਂ ਆਮ ਮਨੁੱਖ ਦੀ ਮਨੁੱਖਤਾ ਨੂੰ ਖ਼ਤਮ ਕਰਨ ਲਈ ਹਰੇਕ ਪ੍ਰਕਾਰ ਦੀ ਧੱਕੇਸ਼ਾਹੀ ਕਰਨ ਤੋਂ ਗੁਰੇਜ਼ ਨਹੀਂ ਕਰਦੀਆਂ, ਉਹ ਤਾਂ ਸਿੱਧੇ ਰਾਹੇ ਚੱਲਦੇ ਵਿਅਕਤੀਆਂ ਨੂੰ ਗ਼ਲਤ ਰਸਤਾ ਅਖ਼ਤਿਆਰ ਕਰਨ ਲਈ ਮਜਬੂਰ ਕਰਦੀਆਂ ਹਨ। ਭੰਗੜ ਆਪਣੀ ਕਹਿਣੀ ਤੇ ਕਰਨੀ ਦੀ ਪਰਪੱਕਤਾ ਨੂੰ ਕਾਇਮ ਰੱਖਣਾ ਚਾਹੁੰਦਾ ਹੈ :

ਗੱਲ ਦਿਹਾੜੀ ਦੀ ਨਹੀਂ ਹੈ, ਸੰਤੀਏ ਗੱਲ ਅਸੂਲਾਂ ਦੀ ਏ। ਮੈਂ ਸਾਰੀ ਉਮਰ ਜ਼ੁਬਾਨ ਦੇ ਕੇ ਫਿਰਿਆ ਨਹੀਂ ਕਿਸੇ ਨਾਲ ਧੋਖਾ ਨਹੀਂ ਕੀਤਾ (21)

ਪੁਲਸਤੰਤਰ ਉਸ ਦੀ ਸਵੈ-ਮਾਣ ਤੇ ਸਵੈ-ਪਛਾਣ ਨੂੰ ਖਤਮ ਕਰਨ ਲਈ ਉਸ ਉੱਤੇ ਝੂਠਾ ਕੇਸ ਪਾਉਂਦੇ ਹਨ। ਪੁਲਸ ਦੀ ਇਸ ਘਟੀਆ ਪ੍ਰਣਾਲੀ ਦਾ ਯਥਾਰਥਕ ਚਿਤਰਨ ਕਹਾਣੀ ਦੇ ਬਿਰਤਾਂਤ ਵਿਚ ਦੇਖਿਆ ਜਾ ਸਕਦਾ ਹੈ :

ਉਠ ਬਈ ਭੰਗੜ ਤੇ ਜੀਪ 'ਚ ਬੈਠ ਤੈਨੂੰ ਭੰਗ ਪੀ ਕੇ ਗ਼ੈਰ-ਕਾਨੂੰਨੀ ਹਰਕਤਾਂ ਕਰਨ ਦੇ ਜੁਰਮ ਵਿਚ ਗ੍ਰਿਫ਼ਤਾਰ ਕਰਨ ਦਾ ਹੁਕਮ ਹੋਇਆ ਹੈ। ਸੁੱਟੋ ਇਹਨੂੰ ਹਵਾਲਾਤ 'ਚ, ਜਦੋਂ ਹੋਸ਼ ਟਿਕਾਣੇ ਆਜੂ ਮੇਰੇ ਅੱਗੇ ਪੇਸ਼ ਕਰਨਾ (22)

ਇਸ ਧੱਕੇਸ਼ਾਹੀ ਕਾਰਨ ਤੇ ਮਜਬੂਰੀਵੱਸ ਭੰਗੜ ਨੂੰ ਕਈ ਮਹੀਨੇ ਥਾਣੇਦਾਰ ਦੀ ਕੋਠੀ ਬਣਾਉਣ ਦਾ ਕੰਮ ਕਰਨਾ ਪਿਆ, ਜਿਸ ਨਾਲ ਉਸ ਦੀ ਮਾਨਸਿਕਤਾ ਉੱਤੇ ਡੂੰਘਾ ਅਸਰ ਹੋਇਆ ਤੇ ਕਿਰਤ ਪ੍ਰਤੀ ਉਸ ਦਾ ਉਤਸ਼ਾਹ ਹੀ ਖਤਮ ਹੋ ਗਿਆ।ਤਰਾਸਦਿਕ ਸਥਿਤੀ ਉਦੋਂ ਹੋਰ ਵੀ ਭਿਆਨਕ ਰੂਪ ਧਾਰਨ ਕਰਦੀ ਹੈ ਜਦੋਂ ਉਸ ਨੂੰ ਕਿਰਤ ਦੀ ਪ੍ਰਾਪਤੀ ਲਈ ਲੰਬਰ ਚੌਕ ਵਿਚ ਉਡੀਕ ਕਰਨੀ ਪੈਂਦੀ ਹੈ, ਪਰ ਕੰਮ ਫ਼ਿਰ ਵੀ ਨਹੀਂ ਮਿਲਦਾ। ਕਹਾਣੀ 'ਛੱਜੂ ਖੁਰੀਆਂ ਵਾਲਾ' ਵਿਚ ਛੱਜੂ ਦੇ ਜੀਵਨ ਸੰਘਰਸ਼ ਦੇ ਨਾਲ-ਨਾਲ ਸਮਾਜਿਕ ਵਰਤਾਰਿਆਂ ਦਾ ਜ਼ਿਕਰ ਕੀਤਾ ਹੈ। ਛੱਜੂ ਵਰਗੇ ਪਾਤਰ ਕਿਰਤ ਨੂੰ ਸਮਰਪਿਤ ਸਬਰ, ਸੰਤੋਖ ਦੇ ਧਾਰਨੀ ਹਨ, ਜੋ ਦੂਜਿਆਂ ਦੇ ਦਰਦ ਨੂੰ ਵੰਡਾ ਕੇ ਮਨੁੱਖ ਨੂੰ ਜਿਉਣ ਜੋਗਾ ਬਣਾਉਂਦੇ ਹਨ। ਛੱਜੂ ਦਾ ਦੁਖਾਂਤ ਉਸ ਦੀ ਇਕੱਲਤਾ ਵਿੱਚੋਂ ਉਪਜਿਆ ਹੈ। ਉਹਦਾ ਲੜਕਾ ਆਰਥਿਕਤਾ ਨੂੰ ਠੁੰਮਣਾ ਦੇਣ ਲਈ ਪ੍ਰਦੇਸ਼ ਚਲਿਆ ਜਾਂਦਾ ਹੈ। ਛੱਜੂ ਵਰਗੀ ਹੋਣੀ ਪੰਜਾਬ ਦੇ ਬਜ਼ੁਰਗਾਂ ਦੀ ਹੈ, ਕਿਉਂਕਿ ਨੌਜਵਾਨ ਵਰਗ ਵਿਦੇਸ਼ਾਂ ਵੱਲ ਵਹੀਰਾਂ ਘੱਤ ਰਿਹਾ ਹੈ। ਛੱਜੂ ਤੇ ਪਾਰੋ ਜੀਵਨ ਦੀਆਂ ਕਠਿਨਾਈਆਂ ਜਾਂ ਸਮੱਸਿਆਵਾਂ ਨੂੰ ਹੱਲ ਕਰਨ ਲਈ 'ਕਿਰਤ ਸਿਧਾਂਤ' ਨੂੰ ਅਪਣਾਉਂਦੇ ਹਨ। ਪਾਰੋ ਔਰਤ ਦੀ ਸਹਿਜਤਾ ਤੇ ਵਿਸ਼ਾਲਤਾ ਨੂੰ ਰੂਪਮਾਨ ਕਰਦੀ ਹੈ :

ਕਦੇ ਉਸ ਨੇ ਇਹ ਨਹੀਂ ਸੀ ਪੁੱਛਿਆ ਕਿ ਕੀ ਵੱਟਿਆ-ਖੱਟਿਆ ਏ, ਜੋ ਉਸ ਦੇ ਹੱਥ ਧਰ ਦਿੰਦਾ, ਪੱਲੇ 'ਚ ਬੰਨ੍ਹ ਲੈਂਦੀ।(43)

ਛੱਜੂ ਨੂੰ ਖੁਰੀਆਂ ਲਾਉਣ ਦਾ ਕਿੱਤਾ ਵਿਰਾਸਤ ਵਿੱਚੋਂ ਮਿਲਿਆ ਸੀ, ਜਿਸ ਕਾਰਨ ਉਸ ਨੂੰ ਮੁਹਾਰਤ ਹਾਸਲ ਸੀ।ਪਤਨੀ ਦੀ ਮੌਤ ਤੋਂ ਬਾਅਦ ਪੁੱਤਰ ਚੰਨੇ ਨੂੰ ਪਾਲਣ ਲਈ ਦ੍ਰਿੜ੍ਹ ਨਿਸ਼ਚਾ ਕੀਤਾ।ਜਦ ਚੰਨੇ ਨੇ ਜਵਾਨੀ ਵਿਚ ਪੈਰ ਧਰਿਆ ਤਾਂ ਉਹ ਵੀ ਬਸ਼ੀਰੇ ਵੱਲ ਦੇਖ ਕੇ ਵਿਦੇਸ਼ ਜਾਣ ਲਈ ਹੀਲੇ-ਵਸੀਲੇ ਕਰਨ ਲੱਗਾ। ਅਰਬ ਦੇਸ਼ ਵਿਚ ਸਖ਼ਤ ਮਿਹਨਤ ਕਰਕੇ ਉਸ ਨੇ ਅੱਧਾ ਕਰਜ਼ਾ ਉਤਾਰ ਦਿੱਤਾ। ਇਸ ਤੋਂ ਬਾਅਦ ਅਰਬ ਦੇਸ਼ ਵਿੱਚੋਂ ਗ਼ੈਰ-ਕਾਨੂੰਨੀ ਤਰੀਕੇ ਨਾਲ ਸਰਹੱਦ ਰਾਹੀਂ ਅਮਰੀਕਾ ਦਾਖ਼ਲ ਹੋਇਆ।ਸੱਤ ਸਾਲ ਚੰਨਾ ਘਰ ਵਾਪਸ ਨਾ ਪਰਤਿਆ ਜਿਸ ਕਾਰਨ ਛੱਜੂ ਇਕੱਲਤਾ ਵਿਚ ਦਿਨ ਕੱਟ ਕਰ ਰਿਹਾ ਸੀ।

ਕਹਾਣੀ ਵਿਚ ਛੱਜੂ ਦਾ ਮਦਦਗਾਰ ਸੁਭਾਅ ਦ੍ਰਿਸ਼ਟੀਗੋਚਰ ਹੁੰਦਾ ਹੈ। ਵੇਸਵਾ ਦਾ ਕਿੱਤਾ ਕਰਨ ਵਾਲੀ ਨਜ਼ਮਾ ਦੀ ਵੀ ਛੱਜੂ ਔਖੀ ਘੜੀ ਵਿਚ ਸਹਾਇਤਾ ਕਰਦਾ ਹੈ।ਛੱਤ ਦੀ ਸਤੀਰ ਉੱਤੇ ਡਿੱਗਣ ਨਾਲ ਨਜ਼ਮਾ ਕੁਰਲਾ ਰਹੀ ਸੀ, ਪਰ ਕੋਈ ਵੀ ਵੇਸਵਾ ਦੇ ਕੋਠੇ ਵੱਲ ਨਹੀਂ ਗਿਆ, ਪਰ ਉਸ ਨੇ ਸਤੀਰ ਚੁੱਕ ਕੇ ਨਜ਼ਮਾ ਦੀ ਮੱਲ੍ਹਮ ਪੱਟੀ ਕੀਤੀ।ਉਸ ਵਿਚਲੀ ਮਨੁੱਖਤਾ ਨੇ ਹੀ ਨਜ਼ਮਾ ਦਾ ਘਰ ਠੀਕ ਕਰਵਾਇਆ।ਦੋਵਾਂ ਦੀ ਇਕੱਲਤਾ ਨੂੰ ਮਦਦ ਦੀ ਭਾਵਨਾ ਨੇ ਨੇੜੇ ਲਿਆਂਦਾ।ਵੇਸ਼ਵਾਗਮਨੀ ਦੇ ਕਿੱਤੇ ਦੌਰਾਨ ਉਸ ਨੂੰ ਮਰਦ ਪ੍ਰਧਾਨ ਸਮਾਜ ਵਿਚ ਕਦੇ ਵੀ ਛੱਜੂ ਵਰਗਾ ਇਨਸਾਨ ਨਹੀਂ ਸੀ ਮਿਲਿਆ :

ਨਜ਼ਮਾ ਨੇ ਆਦਮੀ ਦਾ ਇਹ ਰੂਪ ਪਹਿਲਾਂ ਕਦੇ ਨਹੀਂ ਸੀ ਵੇਖਿਆ।ਜਦੋਂ ਦੀ ਉਸ ਨੇ ਹੋਸ਼ ਸੰਭਾਲੀ ਸੀ, ਉਸ ਨੇ ਆਦਮੀ ਦਾ ਇਕੋ ਰੂਪ ਹੀ ਵੇਖਿਆ ਸੀ।ਉਸ ਨੂੰ ਕੋਈ ਚਿੱਤ-ਚੇਤਾ ਵੀ ਨਹੀਂ ਸੀ ਕਿ ਉਸ ਦੇ ਮਾਤਾ-ਪਿਤਾ, ਸਾਕ-ਸੰਬੰਧੀ ਕੌਣ ਤੇ ਕਿੱਥੇ ਸਨ ? (50) ਦੋਵਾਂ ਦੀ ਜੀਣ ਦੀ ਆਸ ਕਹਿਣ-ਸੁਣਨ ਭਾਵ ਭਾਵਨਾਵਾਂ ਸਾਂਝੀਆਂ ਕਰਨ ਨਾਲ ਫਿਰ ਤੋਂ ਬੱਝਣ ਲੱਗੀ। ਨਜ਼ਮਾ ਦਾ ਕੋਠਾ ਮਾਲਕ ਨੇ ਰਸਾਇਣ ਕੰਪਨੀ ਨੂੰ ਵੇਚ ਦਿੱਤਾ, ਜਿਸ ਦਾ ਪਤਾ ਛੱਜੂ ਨੂੰ ਲੱਗਣ ਉੱਤੇ ਉਹ ਨਜ਼ਮਾ ਨੂੰ ਆਪਣੇ ਘਰ ਲੈ ਆਇਆ, ਇਹ ਵੀ ਛੱਜੂ ਦਾ ਕ੍ਰਾਂਤੀਕਾਰੀ ਪੱਖ ਸੀ, ਕਿਉਂਕਿ 'ਕਿਰਤ ਸਿਧਾਂਤ' ਨੇ ਉਸ ਨੂੰ ਸਵੈ-ਵਿਸ਼ਵਾਸ ਉੱਤੇ ਕਾਇਮ ਰਹਿਣਾ ਸਿਖਾਇਆ ਸੀ, ਜਦ ਕਿ ਸਮਾਜਿਕ ਸਿਸਟਮ ਕਦੇ ਵੀ ਵੇਸਵਾ ਨੂੰ ਘਰ ਵਸਾਉਣ ਦੀ ਪ੍ਰਵਾਨਗੀ ਨਹੀਂ ਦਿੰਦਾ, ਸਗੋਂ ਉਸ ਲਈ ਵੇਸਵਾ ਇਕ ਵਸਤੂ ਹੈ, ਜਿਸ ਦੀ ਖਰੀਦੋ-ਫ਼ਰੋਖਤ ਆਮ ਗੱਲ ਹੈ।ਡਾ. ਮਨਜੀਤ ਸਿੰਘ ਮਝੈਲ ਨੇ ਛੱਜੂ ਦੇ ਪਾਤਰ ਰਾਹੀਂ ਮਨੁੱਖ ਨੂੰ ਬਦਲਾਵ ਲਿਆਉਣ ਲਈ ਉਤਸ਼ਾਹਿਤ ਕੀਤਾ ਹੈ ਤਾਂ ਜੋ ਵੇਸਵਾਗਮਨੀ ਵਿੱਚੋਂ ਔਰਤਾਂ ਨੂੰ ਬਾਹਰ ਕੱਢਿਆ ਜਾ ਸਕੇ। ਨਜ਼ਮਾ ਦੀ ਜੀਵਨ ਹਯਾਤੀ ਸਮਾਜ ਵਿਚ ਫ਼ਿਰ ਤੋਂ ਮੌਲਣ ਤੇ ਵਿਗਸਣ ਲੱਗੀ : ਛੱਜੂ ਨੂੰ ਵੀ ਇਉਂ ਜਾਪਣ ਲੱਗਾ, ਜਿਵੇਂ ਪਾਰੋ ਮੁੜ ਪਰਤ ਆਈ ਹੋਵੇ। ਨਜ਼ਮਾ ਦੇ ਕਹਿਣ 'ਤੇ ਛੱਜੂ ਦੋ ਬੱਕਰੀਆਂ ਵੀ ਖ਼ਰੀਦ ਲਿਆਇਆ।

ਨਜ਼ਮਾ ਵੀ ਆਪਣੀ ਸਨਮਾਨਯੋਗ ਸਥਿਤੀ ਵਿਚ ਖੁਸ਼ ਸੀ, ਪਰ ਹੋਣੀ ਫ਼ਿਰ ਵਾਪਰੀ ਤੇ ਸੱਪ ਦੇ ਡੰਗਣ ਨਾਲ ਉਸ ਦੀ ਮੌਤ ਹੋ ਗਈ ਤੇ ਛੱਜੂ ਦਾ ਫ਼ਿਰ ਤੋਂ ਪਾਰੋ ਭਾਵ ਨਜ਼ਮਾ ਤੋਂ ਸਾਥ ਛੁੱਟ ਗਿਆ। ਛੱਜੂ ਦੀ ਜੀਵਨ ਜਿਉਣ ਦੀ ਚਾਹਣਾ ਹੀ ਖ਼ਤਮ ਹੋ ਗਈ। ਉਸ ਨੇ ਆਪਣੀ ਢਾਈ ਕਨਾਲਾਂ ਪੁਸ਼ਤੀ ਜ਼ਮੀਨ ਆਸ਼ਰਮ ਦੇ ਨਾਂਅ ਕਰ ਦਿੱਤੀ।ਇਹ ਆਸ਼ਰਮ ਬਜ਼ੁਰਗਾਂ ਤੇ ਨਿਆਸਰਿਆਂ ਲਈ ਸਹਾਰਾ ਬਣਿਆ, ਜਿੱਥੇ ਸਮਾਜ ਵੱਲੋਂ ਤ੍ਰਿਸਕਾਰੇ ਵਿਅਕਤੀ ਰਹਿਣ ਲੱਗੇ। ਛੱਜੂ ਦੀ ਮੌਤ ਤੋਂ ਬਾਅਦ ਉਸ ਦੇ ਨਾਂਅ ਉਤੇ ਛੱਜੂ ਰਾਮ ਯਾਦਗਾਰੀ ਆਸ਼ਰਮ ਖੋਲ੍ਹ ਦਿੱਤਾ ਗਿਆ ਤਾਂ ਜੋ ਬਿਰਧ ਤੇ ਬੇਘਰਿਆਂ ਨੂੰ ਸਹਾਰਾ ਦਿੱਤਾ ਜਾ ਸਕੇ। ਚੰਨੇ ਦੀ ਭਾਵਨਾ ਤੇ ਪਿਤਾ ਨਾਲ ਪਿਆਰ ਕਹਾਣੀ ਦਾ ਸਕਾਰਾਤਮਕ ਪੱਖ ਵਜੋਂ ਦ੍ਰਿਸ਼ਟੀਗੋਚਰ ਹੁੰਦਾ ਹੈ: ਇਕ ਪਾਸੇ ਤਾਂ ਚੰਨੇ ਨੂੰ ਡਾਹਢਾ ਦੁੱਖ ਤੇ ਸਦਮਾ ਲੱਗਾ, ਪਰ ਦੂਜੇ ਪਾਸੇ ਉਸ ਨੂੰ ਇਹ ਸੋਚ ਕੇ ਬੜਾ ਸਕੂਨ ਮਿਲਿਆ ਕਿ ਉਸ ਦਾ ਬਾਪੂ ਸਦਾ ਲਈ ਅਮਰ ਹੋ ਗਿਆ ਸੀ। ਉਹਨਾਂ ਕੁਝ ਦਿਨ ਰਹਿ ਕੇ ਰੋਗੀਆਂ ਤੇ ਨਿਆਸਰਿਆਂ ਦੀ ਸੇਵਾ ਸੰਭਾਲ ਕੀਤੀ। ਹਰ ਰੋਗੀ ਵਿੱਚੋਂ ਚੰਨੇ ਨੂੰ ਆਪਣੇ ਬਾਪੂ ਦੀ ਝਲਕ ਪੈਂਦੀ।(54)

ਕਹਾਣੀ ਵਿਚ ਆਮ ਮਨੁੱਖ ਦੇ ਜੀਵਨ ਵਿਚਲੀਆਂ ਸਮੱਸਿਆਵਾਂ ਨੂੰ ਦ੍ਰਿਸ਼ਟੀਗੋਚਰ ਕੀਤਾ ਗਿਆ ਹੈ। ਪ੍ਰਮੁੱਖ ਸਮੱਸਿਆ ਪਰਵਾਸ ਧਾਰਨ ਕਾਰਨ ਉਪਜਿਆ ਸੰਕਟ ਹੈ, ਜਿਸ ਵਿਚ ਛੱਜੂ ਵਰਗੇ ਮਨੁੱਖ ਇਕਲਾਪੇ ਦਾ ਸੰਤਾਪ ਭੋਗਦੇ ਹਨ।ਵਰਤਮਾਨ ਪ੍ਰਸੰਗ ਵਿਚ ਪਰਵਾਸ ਧਾਰਨ ਕਰਨ ਦਾ ਸੰਕਟ ਹੋਰ ਵੀ ਗਹਿਰਾ ਹੁੰਦਾ ਜਾ ਰਿਹਾ ਹੈ। ਬਜ਼ੁਰਗ ਇਕੱਲਤਾ ਦਾ ਸੰਤਾਪ ਭੋਗਦੇ ਹੋਏ ਇਸ ਸੰਸਾਰ ਤੋਂ ਕੂਚ ਕਰ ਜਾਂਦੇ ਹਨ।

ਕਹਾਣੀ ਕੌਣ ਬੰਧਾਵੇ ਧੀਰ ? ਵਿਚ 84 ਦੇ ਦੰਗਿਆਂ ਦੌਰਾਨ ਹੋਈ ਸਿੱਖ ਨਸਲਕੁਸ਼ੀ ਦਾ ਜ਼ਿਕਰ ਕੀਤਾ ਹੈ। ਚੁਰਾਸੀ ਦੇ ਸੰਤਾਪ ਨੂੰ 39 ਸਾਲ ਬੀਤ ਗਏ ਹਨ ਪਰ ਅਜੇ ਵੀ ਬਜ਼ੁਰਗਾਂ ਵੱਲੋਂ ਹੰਢਾਏ ਸੰਤਾਪ ਦੇ ਜ਼ਖ਼ਮ ਅੱਲ੍ਹੇ ਹਨ। ਦਿੱਲੀ ਵਿਚ ਸਿੱਖਾਂ ਦਾ ਕਤਲੇਆਮ ਹੋਇਆ, ਬਜ਼ੁਰਗਾਂ, ਔਰਤਾਂ ਤੇ ਬੱਚਿਆਂ ਨੂੰ ਵੀ ਨਹੀਂ ਬਖ਼ਸ਼ਿਆ ਗਿਆ, ਗਲਾਂ ਵਿਚ ਟਾਇਰ ਪਾ ਕੇ ਨੌਜਵਾਨਾਂ ਨੂੰ ਸਾੜਿਆ ਗਿਆ, ਔਰਤਾਂ, ਧੀਆਂ-ਭੈਣਾਂ ਦੀ ਬੇਪਤੀ ਤੇ ਉਧਾਲੇ ਹੋਏ, ਪਰ ਪੁਲਸਤੰਤਰ ਤੇ ਸਰਕਾਰੀ ਸਿਸਟਮ ਮੂਕ-ਦਰਸ਼ਕ ਬਣ ਕੇ ਸਭ ਕੁਝ ਵੇਖਦਾ ਰਿਹਾ। ਨਿਆਂ ਪ੍ਰਣਾਲੀ ਵੱਲੋਂ ਚੁਰਾਸੀ ਦੇ ਦੰਗਿਆਂ ਲਈ ਜ਼ਿੰਮੇਵਾਰ ਪੁਲਸ ਅਫ਼ਸਰਾਂ ਤੇ ਨੇਤਾਵਾਂ ਨੂੰ ਕਲੀਨ ਚਿੱਟ ਦੇ ਕੇ ਦੋਸ਼ ਮੁਕਤ ਕਰ ਦਿੱਤਾ ਗਿਆ, ਪਰ ਜਿਨ੍ਹਾਂ ਨੇ ਚੁਰਾਸੀ ਦੀ ਹੋਣੀ ਨੂੰ ਆਪਣੇ ਪਿੰਡੇ ਉੱਤੇ ਹੰਢਾਇਆ ਹੈ, ਉਹ ਅੱਜ ਵੀ ਇਨਸਾਫ਼ ਦੀ ਉਡੀਕ ਕਰ ਰਹੇ ਹਨ। ਚੁਰਾਸੀ ਦੇ ਦੰਗਿਆਂ ਕਾਰਨ ਦਿੱਲੀ ਵਿਚ ਬਣੀ ਵਿਧਵਾ ਕਾਲੋਨੀ ਅੱਜ ਵੀ ਸਰਕਾਰੀ ਸਿਸਟਮ ਦੀ ਅਨੈਤਿਕਤਾ ਉੱਤੇ ਪ੍ਰਸ਼ਨ ਚਿੰਨ੍ਹ ਲਗਾਉਂਦੀ ਹੈ। ਨਿਆਂ-ਪ੍ਰਣਾਲੀ ਵੀ ਨਿਆਂ ਦੇਣ ਵਿਚ ਅਸਮਰੱਥ ਰਹੀ ਹੈ :

ਕਲੀਨ ਚਿੱਟ ਦੇਣੀ ਸਰਾਸਰ ਬੇਇਨਸਾਫ਼ੀ ਅਤੇ ਸਰਕਾਰ ਦੀ

● ਬਾਕੀ ਆਖਰੀ ਤੋਂ ਪਹਿਲੇ ਸਫ਼ੇ 'ਤੇ

ਪੰਜਾਬੀ ਬੋਲੀ ਅਤੇ ਵਿਰਸਾ

ਸੰਪ. ਸੁਖਿੰਦਰ, ਡਾ. ਦਲਬੀਰ ਸਿੰਘ ਕਥੂਰੀਆ
ਮੁੱਲ : 200 ਰੁਪਏ
ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ

ਪੰਜਾਬੀ ਬੋਲੀ ਅਤੇ ਵਿਰਸਾ ਸੰਬੰਧੀ ਚਰਚਾ ਕਰਦਾ ਦਸਤਾਵੇਜ਼

ਰਵਿੰਦਰ ਸਿੰਘ ਸੋਢੀ

ਬਹੁ-ਚਰਚਿਤ ਪੰਜਾਬੀ ਪ੍ਰਵਾਸੀ ਸਾਹਿਤਕਾਰ ਸੁਖਿੰਦਰ ਬਹੁ ਵਿਧਾਵੀ ਲੇਖਕ ਹੈ। 1972 ਤੋਂ 2024 ਤੱਕ ਉਹ 46 ਸਾਹਿਤਕ ਪੁਸਤਕਾਂ ਦੀ ਸਿਰਜਣਾ ਕਰ ਚੁੱਕਿਆ ਹੈ- ਵਿਗਿਆਨ, ਕਵਿਤਾ, ਆਲੋਚਨਾ, ਵਾਰਤਕ, ਨਾਵਲ, ਬਾਲ ਸਾਹਿਤ, ਸੰਪਾਦਨ ਆਦਿ ਖੇਤਰਾਂ ਵਿਚ । ਉਹ 'ਸੰਵਾਦ' ਮੈਗਜ਼ੀਨ ਦਾ ਸੰਪਾਦਕ ਵੀ ਹੈ ਅਤੇ ਅੰਗਰੇਜ਼ੀ ਭਾਸ਼ਾ ਵਿਚ ਵੀ ਉਸ ਦੀ ਇਕ ਪੁਸਤਕ ਪ੍ਰਕਾਸ਼ਿਤ ਹੋ ਚੁੱਕੀ ਹੈ। ਉਹ ਜਿਹੜੀ ਵੀ ਵਿਧਾ ਵਿਚ ਰਚਨਾ ਕਰ ਰਿਹਾ ਹੋਵੇ, ਉਸ ਨਾਲ ਇਨਸਾਫ਼ ਕਰਦਾ ਹੈ। ਸਮੇਂ-ਸਮੇਂ ਵਾਪਰਦੀਆਂ ਮਹੱਤਵਪੂਰਨ ਘਟਨਾਵਾਂ 'ਤੇ ਵੀ ਕਲਮ ਚਲਾਉਂਦਾ ਹੈ। ਮਸਲਨ ਜ

28-July-Sunday.qxd 7/27/2024 9:41 PM Page 6

ਡਾ. ਹਰਜਿੰਦਰ ਸਿੰਘ ਅਟਵਾਲ ਹੋਏ ਵਿਦਿਆਰਥੀਆਂ ਦੇ ਰੂਬਰੂ

ਅੰਮ੍ਰਿਤਸਰ-ਪੰਜਾਬੀ ਲੇਖਕਾਂ ਦੀ ਜਥੇਬੰਦੀ ਜਨਵਾਦੀ ਲੇਖਕ ਸੰਘ ਵੱਲੋਂ ਅਰੰਭੀ 'ਕਿਛ ਸੁਣੀਐ ਕਿਛੁ ਕਹੀਐ' ਸਮਾਗਮਾਂ ਦੀ ਲੜੀ ਤਹਿਤ ਪ੍ਰਮੁੱਖ ਭਾਸ਼ਾ ਵਿਗਿਆਨੀ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸੀਨੀਅਰ ਮੀਤ ਪ੍ਰਧਾਨ ਪ੍ਰੋ. ਡਾ. ਹਰਜਿੰਦਰ ਸਿੰਘ ਅਟਵਾਲ ਵਿਦਿਆਰਥੀਆਂ ਦੇ ਰੂ ਬ ਰੂ ਹੋਏ।ਸਥਾਨਕ ਆਤਮ ਪਬਲਿਕ ਸਕੂਲ ਇਸਲਾਮਾਬਾਦ

ਵਿਖੇ ਹੋਏ ਇਸ ਅਦਬੀ ਸਮਾਗਮ ਦਾ ਆਗਾਜ਼ ਸਕੂਲ ਦੇ ਪ੍ਰਿੰ. ਅੰਕਿਤਾ ਸਹਿਦੇਵ ਦੇ ਸਵਾਗਤੀ ਸ਼ਬਦਾਂ ਨਾਲ ਹੋਇਆ, ਜਦਕਿ ਸਮਾਗਮ ਦੇ ਕਨਵੀਨਰ ਦੀਪ ਦੇਵਿੰਦਰ ਸਿੰਘ ਨੇ ਕਿਹਾ ਕਿ ਅਜਿਹੇ ਸਾਹਿਤਕ ਸਮਾਗਮਾਂ ਤੋਂ ਸਾਡਾ ਮਨੋਰਥ ਵਿੱਦਿਆ, ਵਿਦਵਾਨ ਅਤੇ ਵਿਦਿਆਰਥੀ ਦੇ ਸੰਵਾਦ ਨੂੰ ਜਾਰੀ ਰੱਖਣ ਅਤੇ ਵਿਚਾਰਨ ਤੋਂ ਹੈ।ਡਾ. ਹਰਜਿੰਦਰ ਸਿੰਘ ਅਟਵਾਲ ਨੇ ਵਿਦਿਆਰਥੀਆਂ ਅਤੇ ਅਧਿਆਪਕਾਂ ਨਾਲ ਆਪਣੇ ਲੰਬੇ ਅਧਿਆਪਨ ਕਾਰਜ ਦੇ ਅਨੁਭਵ ਸਾਂਝੇ ਕਰਦਿਆਂ ਕਿਹਾ ਕਿ ਅਧਿਆਪਕਾਂ ਨੂੰ ਸਕੂਲ ਸਿਲੇਬਸ ਦੇ ਨਾਲ-ਨਾਲ ਵਿਦਿਆਰਥੀਆਂ ਨੂੰ ਸਾਹਿਤਕ ਪੁਸਤਕਾਂ ਪੜ੍ਹਨ ਦੀ ਚੇਟਕ ਵੀ ਬਰਕਰਾਰ ਰੱਖਣੀ ਚਾਹੀਦੀ ਹੈ ਕਿਉਂਕਿ ਵਿਦਿਆਰਥੀ ਨਿੱਤ ਨਵਾਂ-ਨਰੋਆ ਸਿੱਖਣ ਲਈ ਹਮੇਸ਼ਾ ਤਿਆਰ ਰਹਿੰਦੇ ਹਨ। ਜਨਵਾਦੀ ਲੇਖਕ ਸੰਘ ਦੇ ਸਕੱਤਰ ਹਰਜੀਤ ਸਿੰਘ ਸੰਧੂ ਨੇ ਸਕੂਲਾਂ ਅੰਦਰ ਲੱਗਦੀਆਂ ਬਾਲ ਸਭਾਵਾਂ ਦੇ ਦਿਨਾ ਨੂੰ ਚੇਤੇ ਕਰਦਿਆਂ ਕਿਹਾ ਕਿ ਅਜਿਹੀਆਂ ਮਹਿਫਲਾਂ ਅਧਿਆਪਕ ਅਤੇ ਵਿਦਿਆਰਥੀ ਦੇ ਆਪਸੀ ਸਤਿਕਾਰਤ ਰਿਸ਼ਤੇ ਨੂੰ ਗੰਢ ਮਾਰ ਕੇ ਰੱਖਦੀਆਂ ਹਨ।ਸਕੂਲ ਦੇ ਪ੍ਰਬੰਧਕ ਪ੍ਰਤੀਕ ਸਹਿਦੇਵ ਨੇ ਆਪਣੇ ਬਾਪ ਸ਼ਾਇਰ ਦੇਵ ਦਰਦ ਨੂੰ ਚੇਤੇ ਕਰਦਿਆਂ ਕਿਹਾ ਕਿ ਉਹਨਾਂ ਦੀ ਬਦੌਲਤ ਵਿਦਵਾਨ ਸਾਹਿਤਕਾਰ ਇਸ ਅਦਾਰੇ ਵਿੱਚ ਆਉਂਦੇ ਜਾਂਦੇ ਰਹਿੰਦੇ ਹਨ ਅਤੇ ਮਾਣ ਬਖਸ਼ਦੇ ਹਨ। ਮੋਹਿਤ ਸਹਿਦੇਵ ਅਤੇ ਕੋਮਲ ਸਹਿਦੇਵ ਨੇ ਸਾਂਝੇ ਤੌਰ 'ਤੇ ਧੰਨਵਾਦ ਕਰਦਿਆਂ ਅਜਿਹੇ ਸਮਾਗਮਾਂ ਦੀ ਨਿਰੰਤਰਤਾ ਦੀ ਹਾਮੀ ਭਰੀ, ਜਦਕਿ ਪਰਮਜੀਤ ਕੌਰ, ਤ੍ਰਿਪਤਾ, ਪੂਨਮ ਸ਼ਰਮਾ, ਮੀਨਾਕਸ਼ੀ ਮਿਸ਼ਰਾ, ਸੰਮੀ ਮਹਾਜਨ, ਜਗਜੀਤ, ਕੰਵਲ ਅਤੇ ਪੂਨਮ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਅਧਿਆਪਕ ਅਤੇ ਵਿਦਿਆਰਥੀ ਹਾਜ਼ਰ ਸਨ।

ਮਾਲਵਿੰਦਰ ਸ਼ਾਇਰ ਦੀ ਮਿੰਨੀ ਹਾਸ ਵਿਅੰਗ ਪੁਸਤਕ 'ਤੇ ਗੋਸ਼ਟੀ

ਬਰਨਾਲਾ- ਪੰਜਾਬੀ ਸਾਹਿਤ ਸਭਾ ਰਜਿ. ਬਰਨਾਲਾ ਵੱਲੋਂ ਸਥਾਨਕ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੜਕੇ ਵਿਖੇ ਸਾਹਿਤਕ ਸਮਾਗਮ ਦੌਰਾਨ ਪੁਸਤਕ ਗੋਸ਼ਟੀ, ਪੁਸਤਕ ਲੋਕ ਅਰਪਣ, ਸਨਮਾਨ ਸਮਾਗਮ ਕਰਵਾਇਆ ਗਿਆ ਅਤੇ ਕਵੀ ਦਰਬਾਰ ਆਯੋਜਿਤ ਕੀਤਾ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਸਭਾ ਦੇ ਪ੍ਰੈੱਸ ਸਕੱਤਰ ਤੇਜਿੰਦਰ ਚੰਡਿਹੋਕ ਨੇ ਦੱਸਿਆ ਕਿ ਇਸ ਸਮਾਗਮ ਵਿੱਚ ਪ੍ਰਸਿੱਧ ਸਾਹਿਤਕਾਰ ਮਾਲਵਿੰਦਰ ਸ਼ਾਇਰ ਦੀ ਨਵੀਂ ਪ੍ਰਕਾਸ਼ਿਤ ਮਿੰਨੀ ਹਾਸ ਵਿਅੰਗ ਪੁਸਤਕ 'ਲੇਲ੍ਹੜੀਆਂ' ਉਪਰ ਗੋਸ਼ਟੀ ਕਰਵਾਈ ਗਈ, ਜਿਸ 'ਤੇ ਸਭਾ ਦੇ ਸੀਨੀਅਰ ਮੈਂਬਰ ਮਹਿੰਦਰ ਸਿੰਘ ਰਾਹੀ ਹੁਰਾਂ ਨੇ ਪੇਪਰ ਪੜ੍ਹਿਆ। ਉਹਨਾ ਕਿਹਾ ਕਿ ਇਹ ਪੁਸਤਕ ਅੱਥਰੀ ਕਿਸਮ ਦਾ ਵਿਅੰਗ ਹੈ। ਮਿੰਨੀ ਵਿਅੰਗ ਵੀ ਹਲਕੇ-ਫੁਲਕੇ ਅੰਦਾਜ਼ ਵਿੱਚ ਦੁਖਦੀ ਰਗ 'ਤੇ ਉਂਗਲ ਧਰਨ ਵਾਂਗ ਹੈ। ਕਹਾਣੀਕਾਰ ਭੋਲਾ ਸਿੰਘ ਸੰਘੇੜਾ ਨੇ ਪੇਪਰ ਉਪਰ ਬਹਿਸ ਸ਼ੁਰੂ ਕਰਦਿਆਂ ਕਿਹਾ ਕਿ ਵਿਅੰਗ ਵਿਚ ਕਿਸੇ ਦਾ ਵਿਅਕਤੀਗਤ ਰੂਪ ਨਹੀਂ ਹੋਣਾ ਚਾਹੀਦਾ। ਡਾਕਟਰ ਸੰਪੂਰਨ ਸਿੰਘ ਟੱਲੇਵਾਲੀਆ ਨੇ ਕਿਹਾ ਕਿ ਰੋਂਦਿਆਂ ਨੂੰ ਹਸਾ ਦੇਣਾ ਵੀ ਵਿਅੰਗ ਕਲਾ ਹੈ। ਡਾਕਟਰ ਅਨਿਲ ਸ਼ੋਰੀ, ਲਛਮਣ ਦਾਸ ਮੁਸਾਫ਼ਿਰ, ਡਾਕਟਰ ਭੁਪਿੰਦਰ ਸਿੰਘ ਬੇਦੀ ਆਦਿ ਨੇ ਵੀ ਬਹਿਸ ਵਿੱਚ ਹਿੱਸਾ ਲਿਆ। ਉਪਰੰਤ ਮਾਲਵਿੰਦਰ ਸ਼ਾਇਰ ਨੇ ਪੇਪਰ ਉਪਰ ਚੁੱਕੇ ਨੁਕਤਿਆਂ ਦੇ ਜਵਾਬ ਦਿੱਤੇ। ਸ਼ਾਇਰ ਦਾ ਸਨਮਾਨ ਕੀਤਾ ਗਿਆ।

ਸਮਾਗਮ ਦੇ ਦੂਜੇ ਦੌਰ ਵਿਚ ਕਵੀ ਪ੍ਰਿੰਸ ਕੁਮਾਰ ਕਿਰਦਾਰ ਦੀ ਪਲੇਠੀ ਕਾਵਿ ਪੁਸਤਕ 'ਖੁਸ਼ਨੁਮਾ ਰੁੱਤ' ਅਤੇ ਗਿਆਨੀ ਕਰਮ ਸਿੰਘ ਭੰਡਾਰੀ ਦੀ ਪੁਸਤਕ 'ਮਾਨਵਤਾ ਦੇ ਰਹਿਬਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦਾ ਲੋਕ ਅਰਪਣ ਕੀਤਾ ਗਿਆ। ਕਵੀ ਪ੍ਰਿੰਸ ਕੁਮਾਰ ਦਾ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਸਭਾ ਵੱਲੋਂ ਡਾਕਟਰ ਭੁਪਿੰਦਰ ਸਿੰਘ ਬੇਦੀ ਨੂੰ ਸੀਨੀਅਰ ਰਿਸਰਚ ਫੈਲੋਸ਼ਿਪ ਮਨਿਸਟਰ ਆਫ

ਕਲਚਰ, ਭਾਰਤ ਸਰਕਾਰ ਵੱਲੋਂ ਦੇਣ ਦੀ ਖੁਸ਼ੀ ਵਿੱਚ ਉਹਨਾਂ ਦਾ ਸਨਮਾਨ ਕੀਤਾ ਗਿਆ। ਕਵੀ ਦਰਬਾਰ ਵਿਚ ਪਾਲ ਸਿੰਘ ਲਹਿਰੀ, ਸੰਧੂ ਗਗਨ, ਹਾਕਮ ਸਿੰਘ ਰੂੜੇਕੇ, ਲਛਮਣ ਦਾਸ ਮੁਸਾਫ਼ਿਰ, ਰਾਮ ਸਰੂਪ ਸ਼ਰਮਾ, ਰਘਬੀਰ ਸਿੰਘ ਗਿੱਲ, ਡਾਕਟਰ ਸੁਰਿੰਦਰ ਭੱਠਲ, ਦਲਬਾਰਾ ਸਿੰਘ, ਸੁਰਜੀਤ ਸਿੰਘ ਦੇਹੜ ਅਤੇ ਚਰਨੀ ਬੇਦਿਲ ਨੇ ਆਪਣੀਆਂ ਰਚਨਾਵਾਂ ਦਾ ਪਾਠ ਕੀਤਾ। ਸਮਾਗਮ ਦੌਰਾਨ ਮੰਚ ਸੰਚਾਲਨ ਤੇਜਾ ਸਿੰਘ ਤਿਲਕ ਹੁਰਾਂ ਬਾਖੂਬੀ ਨਿਭਾਇਆ।ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਡਾਕਟਰ ਅਮਨਦੀਪ ਸਿੰਘ ਟੱਲੇਵਾਲੀਆ, ਕਰਮਿੰਦਰ ਸਿੰਘ, ਮਹਿਕ, ਮਿਲਖ ਰਾਜ, ਰਮਲਾ ਦੇਵੀ, ਗਗਨਦੀਪ ਸਿੰਘ, ਮੇਜਰ ਸਿੰਘ ਗਿੱਲ, ਅਮਰਿੰਦਰ ਕੌਰ, ਪੱਤਰਕਾਰ ਅਸ਼ੋਕ ਭਾਰਤੀ, ਜਗਤਾਰ ਜਜ਼ੀਰਾ ਆਦਿ ਨੇ ਸ਼ਮੂਲੀਅਤ ਕੀਤੀ।

ਸਮਕਾਲ

ਪ੍ਰਵਚਨ: ਸੁਖਜੀਤ ਦਾ ਸ਼ਬਦ ਚਿੱਤਰ



ਤ੍ਰੈ-ਮਾਸਿਕ 'ਪ੍ਰਵਚਨ' ਦਾ ਜੁਲਾਈ-ਸਤੰਬਰ, 24 ਅੰਕ ਛਪ ਗਿਆ ਹੈ। ਇਸ ਵਾਰ ਉਹ ਮਿਆਰੀ ਪੜ੍ਹਨਯੋਗ ਸਮੱਗਰੀ ਲੈ ਕੇ ਹਾਜ਼ਰ ਹੋਇਆ ਹੈ। ਸੰਪਾਦਕੀ ਪੰਨੇ 'ਤੇ ਪੰਜਾਬੀ ਸਾਹਿਤ ਅਧਿਐਨ ਦੇ ਮਸਲੇ ਉੱਤੇ ਸੰਪਾਦਕ ਗੰਭੀਰ ਟਿੱਪਣੀ ਕਰਦਾ ਹੈ, "ਅਜੋਕੇ ਦੌਰ ਵਿਚ ਮੱਧਕਾਲੀ ਸਾਹਿਤ ਚਿੰਤਨ ਦਾ ਖੇਤਰ ਬਿਲਕੁਲ ਖਾਲੀ ਨਜ਼ਰ ਆਉਂਦਾ ਹੈ। ਇਸ ਦਾ ਵੱਡਾ ਕਾਰਣ ਆਜ਼ਾਦੀ ਤੋਂ ਬਾਅਦ ਪੰਜਾਬੀ ਭਾਸ਼ਾ ਦਾ ਨਾਤਾ ਉਰਦੂ, ਫ਼ਾਰਸੀ ਤੇ ਅਰਬੀ ਨਾਲੋਂ ਮੂਲੋਂ ਹੀ ਟੁੱਟ ਗਿਆ, ਇਸ ਕਰਕੇ ਅਜੋਕੀ ਪੀੜ੍ਹੀ ਦੇ ਵਿਦਵਾਨ ਇਨ੍ਹਾਂ ਭਾਸ਼ਾਵਾਂ ਦੇ ਗਿਆਨ ਤੋਂ ਕੋਰੇ ਹਨ।" ਵਰਿਆਮ ਸਿੰਘ ਸੰਧੂ ਦਾ 28 ਪੰਨਿਆ 'ਤੇ ਫੈਲਿਆ ਸੁਖਜੀਤ ਦਾ ਸ਼ਬਦ ਚਿੱਤਰ 'ਬੰਦਾ, ਗੋਰਖ਼ ਧੰਦਾ-ਸੁਖਜੀਤ' ਅੰਕ ਦੀ ਪ੍ਰਾਪਤੀ ਹੈ। ਸੰਧੂ ਨੇ ਸੁਖਜੀਤ ਦੀ ਜ਼ਿੰਦਗੀ ਦੇ ਅਨੇਕਾਂ ਚੰਗੇ-ਮਾੜੇ ਪੱਖਾਂ ਨੂੰ ਆਪਣੀ ਲਿਖਤ ਦਾ ਅਧਾਰ ਬਣਾਇਆ ਹੈ ਤੇ ਉਹਦੀਆਂ ਕੁਝ ਚੰਗੀਆਂ ਕਹਾਣੀਆਂ ਦੀ ਤਰੀਫ਼ ਵੀ ਕੀਤੀ ਅਤੇ ਕੁਝ 'ਤੇ ਸਵਾਲ ਵੀ ਖੜੇ ਕੀਤੇ ਹਨ।

ਕਹਾਣੀ ਭਾਗ 'ਚ ਰਖਵਾਲਾ ਦੂਤ (ਰੂਸੀ ਕਹਾਣੀ ਵਿਕਤਰ ਅਸਤਾਫਿਏਟ, ਅਨੁ. ਕਸ਼ਮੀਰ ਸਿੰਘ), ਸੂਟਕੇਸ (ਅਵਤਾਰ ਸਿੰਘ ਓਠੀ), ਕੋਠਾ (ਬਲਵੰਤ ਫ਼ਰਵਾਲ੍ਹੀ), ਬਿੱਛੂ ਬੂਟੀ (ਕੁਲਵਿੰਦਰ ਕੌਸ਼ਲ) ਛਪੀਆਂ ਹਨ। ਆਲੋਚਨਾ ਭਾਗ ਵਿੱਚ ਡਾ. ਪਰਮਜੀਤ ਕੌਰ ਸਿੱਧੂ ਨੇ 'ਪੰਜਾਬੀ ਨਾਵਲ ਵਿੱਚ ਇਤਿਹਾਸ ਚੇਤਨਾ ਬਦਲਦੇ ਸੰਦਰਭ' ਭਾਈ ਵੀਰ ਸਿੰਘ, ਨਾਨਕ ਸਿੰਘ ਤੇ ਮਨਮੋਹਨ ਬਾਵਾ ਦੇ ਨਾਵਲਾਂ ਦੇ ਪ੍ਰਸੰਗ 'ਚ ਗੱਲ ਕਰਦਿਆਂ ਰੁਮਾਂਟਿਕ ਇਤਿਹਾਸ ਚੇਤਨਾ ਤੋਂ ਬਹੁ ਪਰਤੀ ਇਤਿਹਾਸਕ ਚੇਤਨਾ ਦੀ ਗੱਲ ਕੀਤੀ ਹੈ। ਡਾ. ਗੁਰਮੀਤ ਸਿੰਘ ਨੇ ਗੁਰਮੀਤ ਕੜਿਆਲਵੀ ਦੀ ਕਹਾਣੀ ਦਾ ਵਿਸ਼ਲੇਸ਼ਣ ਕਰਦਿਆਂ ਉਸ ਨੂੰ 'ਜਾਤੀ-ਜਮਾਤੀ ਦਵੰਦਾਂ ਦੇ ਵਿਵੇਕ ਦਾ ਚਿਤੇਰਾ' ਕਿਹਾ ਹੈ। ਰਮਨਪ੍ਰੀਤ ਕੌਰ ਨੇ ਜਸਵੰਤ ਦੀਦ ਦੀ ਕਿਤਾਬ 'ਘੁੰਡੀ' ਦਾ ਵਿਸ਼ਲੇਸ਼ਣ 'ਕਾਮਨਾ ਅਤੇ ਸੰਸਕ੍ਰਿਤਕ ਮਰਿਆਦਾ ਦੇ ਟਕਰਾਅ ਦਾ ਪ੍ਰਗਟਾਅ' ਅਧੀਨ ਕੀਤੀ ਹੈ। ਜਸ ਮੰਡ ਨੇ ਚਿਤਰਾ ਬੈਨਰਜੀ ਦਿਵਾਕਰੁਨੀ ਦੇ ਨਾਵਲ 'ਟੂਣੇਹਾਰਾ ਜੰਗਲ' ਦੀ ਪੜ੍ਹਤ ਤਿਆਰ ਕਰਦਿਆਂ ਉਸ ਨੂੰ ਨਾਰੀਵਾਦੀ ਨਜ਼ਰੀਏ ਤੋਂ ਲਿਖਿਆ ਨਾਵਲ ਕਿਹਾ ਹੈ। 'ਸੂਝ ਸੰਸਾਰ' ਪੁਸਤਕ ਬਾਰੇ ਸੁਕੀਰਤ ਨੇ ਲਿਖਿਆ ਹੈ। 'ਸਮਕਾਲੀ ਸਾਹਿਤ ਨੂੰ ਵਾਚਦਿਆਂ' ਅਧੀਨ ਕੁਲਵੰਤ ਸਿੰਘ ਸੰਧੂ ਹੁਰਾਂ ਨੇ 6 ਮਹੱਤਵਪੂਰਨ ਪੁਸਤਕਾਂ ਦਾ ਵਿਸ਼ਲੇਸ਼ਣ ਕੀਤਾ ਹੈ। ਇਸ ਤੋਂ ਇਲਾਵਾ ਡਾ. ਹਰਚਰਨ ਦੀਆਂ ਗ਼ਜ਼ਲਾਂ ਅਤੇ ਬਲਵਿੰਦਰ ਸੰਧੂ ਤੇ ਹਰਪਾਲ ਸਿੰਘ ਸੰਧਾਵਾਲੀਆ ਦੀਆਂ ਕਵਿਤਾਵਾਂ ਵੀ ਛਪੀਆਂ ਹਨ।

ਇਸ ਅੰਕ ਦੇ ਸਫੇ :144, ਮੁੱਲ : 75 ਰੁਪਏ ਤੇ ਸੰਪਰਕ ਪਤਾ ਹੈ :124, ਛੋਟੀ ਬਰਾਂਦਰੀ-2,ਜਲੰਧਰ-144001,

'ਪ੍ਰਵਚਨ' ਦੇ ਮੁੱਖ ਸੰਪਾਦਕ: ਡਾ. ਕੁਲਵੰਤ ਸਿੰਘ ਸੰਧੂ ਹਨ। ਸੰਪਰਕ : 98722-44885

ਚਿਰਾਗ : ਸੁਰਜੀਤ ਪਾਤਰ 'ਤੇ ਸਮੱਗਰੀ

'ਚਿਰਾਗ' ਦਾ ਜੁਲਾਈ-ਸਤੰਬਰ, 2024 ਅੰਕ ਪਾਤਰ ਉੱਤੇ ਨਵੀਂ ਲਿਖੀ



ਗਈ ਸਮੱਗਰੀ ਨਾਲ ਪਾਠਕਾਂ ਤੱਕ ਪੁੱਜਾ ਹੈ। ਸੰਪਾਦਕੀ ਵਿੱਚ ਪਾਤਰ ਦੀ ਕਵਿਤਾ ਤੇ ਸ਼ਖ਼ਸੀਅਤ ਬਾਰੇ ਗੱਲ ਕਰਦਿਆਂ, ਉਸ ਨੂੰ 'ਉੱਘਾ ਕਵੀ ਹੋਣ ਦੇ ਨਾਲ ਨਾਲ ਅਨੁਵਾਦਕ ਅਤੇ ਸਕ੍ਰਿਪਟ ਲੇਖਕ ਵੀ ਕਿਹਾ ਗਿਆ ਹੈ। ਸ਼ੁਰੂ 'ਚ ਪਾਤਰ ਦੀਆਂ ਪ੍ਰਸਿੱਧ ਕਾਵਿ ਰਚਨਾਵਾਂ ਉਪਰੰਤ ਪਾਤਰ ਦੀ ਵਾਰਤਕ ਪੁਸਤਕ 'ਸੂਰਜ ਮੰਦਰ ਦੀਆਂ ਪੌੜੀਆਂ' 'ਚੋਂ ਕੁਝ ਟੁਕੜੇ ਪੜ੍ਹਨ ਨੂੰ ਮਿਲਦੇ ਹਨ। ਉੱਘੇ ਸ਼ਾਇਰ ਮਦਨ ਵੀਰਾ ਨੇ ਪਾਤਰ ਬਾਰੇ 'ਸਿਮਰਤੀਆਂ ਸਾਵੇ ਬਿਰਖ ਦੀ ਛਾਂ' ਅਧੀਨ ਅਤੇ ਸ਼ਮਸ਼ੇਰ ਮੋਹੀ ਨੇ 'ਤੂੰ ਯਕੀਨ ਕਰ ਉਹ ਚਲਾ ਗਿਆ' ਨਿੱਠ ਕੇ ਲਿਖਿਆ ਹੈ। ਇਨ੍ਹਾਂ ਲਿਖਤਾਂ 'ਚੋਂ ਸ਼ਬਦ ਚਿੱਤਰ ਦੀ ਝਲਕ ਵੀ ਮਿਲ ਜਾਂਦੀ ਹੈ। ਉਪਰੰਤ ਮੱਖਣ ਕੁਹਾੜ ਨੇ 'ਪੰਜਾਬੀ ਸਾਹਿਤ ਦੇ ਉੱਚ ਗਗਨੀਂ ਨਵੀਂ ਕਾਵਿ ਕਹਿਕਸ਼ਾਂ ਬਣਾ ਗਿਆ ਪਾਤਰ' ਪਾਤਰ ਦੀ ਕਵਿਤਾ ਨੂੰ ਸਮਝਿਆ ਹੈ।

ਕਹਾਣੀ ਭਾਗ 'ਚ 'ਹਰੀਸ਼ ਚੰਦਰ ਅਜੇ ਵੀ ਹੈ' (ਜੋਗੇ ਭੰਗਲ), 'ਸਟੇਟਸ' (ਕਮਲ ਸੋਖੋਂ), 'ਡੀ ਐਨ ਏ' (ਕੁਲਵਿੰਦਰ ਰੂਹਾਨੀ) ਦੀਆਂ ਕਹਾਣੀਆਂ ਛਪੀਆਂ ਹਨ। ਮੰਗਤ ਰਾਮ ਵੱਲੋਂ ਅਨੁਵਾਦ ਕੀਤੀ ਮਾਰਕ ਜਰਗਨਸਮਏਰ ਦੀ ਲਿਖਤ 'ਮਾਰਕਸਵਾਦ ਦੀ ਗ਼ੈਰ-ਯਕੀਨੀ ਖਿੱਚ' ਕਈ ਪੱਖਾਂ ਤੋਂ ਅਹਿਮ ਲਿਖਤ ਹੈ। ਜਿਸ ਵਿੱਚ ਮਾਰਕ ਨੇ ਜ਼ਮੀਨੀ ਪੱਧਰ ਉੱਤੇ ਖੱਬੇ ਪੱਖੀ ਲੀਡਰਾਂ ਦੀ ਨੀਵੀਆਂ ਜਾਤਾਂ ਪ੍ਰਤੀ ਧਾਰਨਾ ਅਤੇ ਦਲਿਤਾਂ ਦੀ ਮਾਰਕਸੀ ਜਥੇਬੰਦੀਆਂ ਦੀ ਨੀਵੀਆਂ ਜਾਤਾਂ ਵਾਲਿਆਂ ਪ੍ਰਤੀ ਧਾਰਨਾਵਾਂ ਦਾ ਵਿਸ਼ਲੇਸ਼ਣ ਕੀਤਾ ਹੈ। ਕਿ ਕਿਵੇਂ ਆਦਿ ਧਰਮ ਦੇ ਅਲੋਪ ਹੋਣ ਉਪਰੰਤ ਤੇ ਅੰਬੇਦਕਰ ਲਹਿਰ ਦਾ ਜ਼ੋਰ ਘਟਣ ਤੇ ਵੀ ਅਨੁਸੂਚਿਤ ਜਾਤਾਂ ਕਮਿਊਨਿਸਟਾਂ ਵੱਲ ਨੂੰ ਬਹੁਤਾ ਨਹੀਂ ਤੁਰੀਆਂ। ਡਾ. ਮਨਜਿੰਦਰ ਸਿੰਘ ਦਾ ਲੇਖ 'ਗੁਰੂ ਨਾਨਕ ਬਾਣੀ ਦਾ ਸੁਹਜ-ਸ਼ਾਸਤਰ' ਵੀ ਅਹਿਮ ਹੈ। ਰੁਸ਼ਿਕਾ ਗਿੱਲ ਦੇ ਨਾਵਲ 'ਕਬੂਲਨਾਮਾ' ਤੇ ਡਾ. ਭੁਪਿੰਦਰ ਕੌਰ ਨੇ ਅਤੇ ਤ੍ਰਿਪਤਾ ਕੇ ਸਿੰਘ ਦੀ ਕਹਾਣੀ 'ਜ਼ਰੀਬ' ਦਾ ਅਧਿਐਨ ਪ੍ਰੀਤਪਾਲ ਰੁਪਾਣਾ ਨੇ ਕੀਤਾ ਹੈ।

ਇਸ ਅੰਕ ਦੇ ਸਫ਼ੇ : 96 ਅਤੇ ਮੁੱਲ: 50 ਰੁਪਏ ਹੈ। ਸੰਪਰਕ ਪਤਾ ਹੈ : ਜੋਤੀ ਨਿਵਾਸ, 251/34, ਨਿਊ ਹਰੀ ਨਗਰ, ਹੁਸ਼ਿਆਰਪੁਰ-146001

ਪਰਚੇ ਦੇ ਸੰਪਾਦਕ: ਡਾ. ਕਰਮਜੀਤ ਸਿੰਘ ਹਨ। ਸੰਪਰਕ: 98763-23862

ਵਰਿਆਮ: ਜੁਲਾਈ, 2024



ਪਰਚਾ ਵੰਨ ਸੁਵੰਨੀ ਸਮੱਗਰੀ ਲੈ ਕੇ ਹਾਜ਼ਰ ਹੋਇਆ ਹੈ। 'ਆਉ ਵਾਤਾਵਰਨ ਬਚਾਈਏ' ਤੇ ਸੰਪਾਦਕ ਦੀ ਸੰਪਾਦਕੀ ਹੈ। ਸੁਵਰਨ ਸਿੰਘ ਵਿਰਕ ਦਾ 'ਕੂਕਾ ਲਹਿਰ ਦੇ ਅਮਰ ਨਾਇਕ ਜਗਤ ਸਿੰਘ ਧੰਜੂਵਾਲੀਏ 'ਤੇ ਲੇਖ ਹੈ। ਜਗਦੀਸ਼ ਵਰਿਆਮ ਤੇ ਤਾਰਾ ਸਿੰਘ ਅਨਜਾਣ ਦੀਆਂ ਲਿਖਤਾਂ ਨਾਲ ਉਨ੍ਹਾਂ ਨੂੰ ਚੇਤੇ ਕੀਤਾ ਗਿਆ ਹੈ। ਡਾ. ਹਰਸ਼ਿੰਦਰ ਕੌਰ ਦਾ ਲੇਖ 'ਗਰਭਵਤੀ ਔਰਤਾਂ ਕਿਹੜੇ ਫ਼ਲ ਖਾਣ' ਅਹਿਮ ਹੈ। ਤਰਸੇਮ ਭੰਗੂ ਦੀ ਕਹਾਣੀ 'ਵੇਦਣ ਕਹੀਐ ਕਿਸੁ' ਹੈ। ਲਖਵਿੰਦਰ ਸਿੰਘ ਬਾਜਵਾ, ਸੁਖਵਿੰਦਰ ਅੰਮ੍ਰਿਤ, ਨਿਰਮਲ ਕੌਰ ਕੋਟਲਾ, ਜਸਵੀਰ ਸਿੰਘ ਮੌਜੀ, ਸੁਖਮੀਤ ਕੌਰ ਚੀਮਾ, ਕਰਨੈਲ ਸਿੰਘ ਅਸਪਾਲ, ਗੁਰਦੀਸ਼ ਕੌਰ ਗਰੇਵਾਲ, ਰਣਜੀਤ ਆਜ਼ਾਦ ਕਾਂਜਲਾ, ਰਜਿੰਦਰ ਕੌਰ ਪੰਨੂੰ, ਬਾਜ ਸਿੰਘ ਮਹਿਲੀਆ, ਹਰਪ੍ਰੀਤ ਪੱਤੋ, ਬਲਜਿੰਦਰ ਕੌਰ ਬੱਲ, ਨਿਰਮਲ ਕੌਰ, ਉਜਾਗਰ ਸਿੰਘ, ਸ਼ਹਿਨਾਜ਼ ਖ਼ਾਨ, ਨਿੰਦਰ ਘੁਗਿਆਣਵੀ, ਅੰਜੂ ਵ ਰੱਤੀ ਆਦਿ ਲੇਖਕਾਂ ਨੇ ਆਪਣੀ ਹਾਜ਼ਰੀ ਲਗਵਾਈ ਹੈ। ਪੰਨੇ :50, ਮੁੱਲ : 40 ਰੁਪਏ, ਸੰਪਾਰਕ: ਸੰਪਾਦਕ : ਡਾ. ਰਜਵੰਤ ਕੌਰ, ਲਾਡੋਵਾਲੀ ਰੋਡ, ਜਲੰਧਰ ਮੁਬਾਇਲ- 98786-16996

ਸਤਿਯੁਗ : 1-15 ਜੁਲਾਈ, 2024



ਸੰਪਾਦਕੀ ਚੰਗੇ ਮਿੱਤਰ ਦੇ ਸਾਥ 'ਤੇ ਲਿਖੀ ਗਈ ਹੈ। ਚੰਡੀ ਦੀ ਵਾਰ ਦੀ ਵਿਆਖਿਆ ਉਪਰੰਤ ਦੇਵਿੰਦਰ ਸਿੰਘ ਗਿੱਲ ਦਾ ਦਸਮ ਪਾਤਸ਼ਾਹ ਅਤੇ ਜ਼ਫ਼ਰਨਾਮਾ' ਤੇ ਲੇਖ ਹੈ। ਸਰਦੂਲ ਸਿੰਘ ਕਵੀਸ਼ਰ ਦੀ 'ਦਿੱਬ

28-July-Sunday.qxd 7/27/2024 9:40 PM Page 3

ਡਾ. ਨਾਇਬ ਸਿੰਘ ਮੰਡੇਰ ਪੰਜਾਬੀ ਮਿੰਨੀ ਕਹਾਣੀ ਦੇ ਗੂੜ੍ਹੇ ਹਸਤਾਖ਼ਰ ਤੇ ਪਹਿਲੇ ਪੀ ਐੱਚ.ਡੀ ਹਨ, ਜਿਨ੍ਹਾ ਦੀਆਂ ਰਚਨਾਵਾਂ ਤਤਕਾਲੀ ਸਮੇਂ ਦੀ ਨਬਜ਼ ਪਛਾਣ ਕੇ ਪਾਠਕ ਨੂੰ ਚਲੰਤ ਮਸਲਿਆਂ 'ਤੇ ਸੁਚੇਤ ਕਰਨ ਵਿਚ ਭੂਮਿਕਾ ਨਿਭਾਉਂਦੀਆਂ ਹਨ। ਰਚਨਾਵਾਂ ਵਿਚਲਾ ਪਾਤਰ ਚਿਤਰਣ ਸਮੱਸਿਆ ਨੂੰ ਛੇਤੀ ਸਮਝਣ ਵਿਚ ਮਦਦਗਾਰ ਬਣਦਾ ਹੈ। **- ਜਗਦੀਸ਼ ਰਾਏ ਕੁਲਰੀਆਂ**

ਡਾ. ਨਾਇਬ ਸਿੰਘ ਮੰਡੇਰ ਦੀਆਂ ਮਿੰਨੀ ਕਹਾਣੀਆਂ

ਚੇਤਨਾ

"ਮੁੰਡੇ ਨੂੰ ਪੈਸੇ ਦੇ ਜਾਈਂ, ਕਈ ਦਿਨਾਂ ਤੋਂ ਮੰਗਦੈ, ਸਕੂਲ 'ਚ ਕੋਈ ਪਾਲਟੀ-ਪੂਲਟੀ ਕਰਨੀ ਐਂ।" ਸੰਤਰੋ ਨੇ ਚੁੱਲ੍ਹੇ 'ਤੇ ਰੋਟੀ ਪਕਾਉਂਦੀ ਨੇ ਹੀ ਕਿਹਾ। "ਕਾਹਦੀ ਪਾਲਟੀ ਕਰਨੀ ਐਂ ? ਵੱਡੇ ਮਹਾਰਾਜੇ ਨੇ। " ਮਰਾਸੀ ਦੀਨੂ ਨੇ ਮੋਢੇ 'ਤੇ ਖਾਕੀ ਝੋਲਾ ਲਟਕਾਉਂਦਿਆਂ ਕਿਹਾ। "ਵੇ ਬਾਹਰ ਆ ਕੇ ਦੱਸ ਦੇ, ਹੁਣ ਅੰਦਰ ਕੀ ਮਾਂ ਦਾ ਸਿਰ ਕਰਦੈਂ, ਫੇਰ ਮੇਰੇ ਦੁਆਲੇ ਹੋਵੇਂਗਾ ਇਹਦੇ ਜਾਣ ਪਿੱਛੋਂ।" ਸੰਤਰੋ ਨੇ ਅੰਦਰ ਬੈਠੇ ਆਪਣੇ ਪੁੱਤਰ ਰਾਮੂ ਨੂੰ ਤਾੜਨਾ ਕੀਤੀ। ਰਾਮੂ ਬਾਹਰ ਆ ਕੇ ਕੱਚੇ ਕੋਠੇ ਦੇ ਕਾਉਲੇ ਨਾਲ ਮੋਢਾ ਲਾ ਕੇ ਖੜ੍ਹਾ ਹੋ ਗਿਆ ਤੇ ਡੱਕੇ ਨਾਲ ਕੰਧ ਤੋਂ ਮਿੱਟੀ ਖੁਰਚਣ ਲੱਗ ਪਿਆ।

"ਇਹਨੂੰ ਮਾਂ ਨੂੰ ਕਿਉਂ ਢਾਹੀ ਜਾਨੈਂ, ਕੀ ਰਪੌੜ ਪਏ ਨੇ ਇਹਨੂੰ ਬਣਾਉਣ ਵਾਸਤੇ ? ਸਿੱਧਾ ਹੋ ਕੇ ਦੱਸ ਕੀ ਕਰਨੇ ਨੇ ਪੈਸੇ ? ਨਾਲੇ ਆਏਂ ਦੱਸ ਕਾਹਦੀ ਪਾਲਟੀ ਐਂ ਸਕੂਲ ਵਿੱਚ।" ਦੀਨੂ ਨੇ ਰਾਮੂ ਤੋਂ ਪੁੱਛਿਆ। "ਸਕੂਲ 'ਚ ਪਾਰਟੀ ਕਰਨੀ ਐਂ ਨਾਲੇ ਗਰੁੱਪ ਫੋਟੋ, ਮਾਸਟਰ ਕਹਿੰਦੇ ਨੇ ਫੇਰ ਤਾਂ ਤੁਸੀਂ ਅੱਠਵੀਂ ਪਾਸ ਕਰਕੇ ਹੋਰ ਸਕੂਲ 'ਚ ਚਲੇ ਜਾਉਗੇ। ਸਕੂਲ ਵਾਸਤੇ ਵੀ ਕੋਈ ਚੀਜ਼ ਗਿਫ਼ਟ ਦੇ ਕੇ ਜਾਓ। ਪੱਕੀ ਨਿਸ਼ਾਨੀ ਬਣਜੂ ਸੋਡੀ।" ਰਾਮੂ ਨੇ ਤਫ਼ਸੀਲ ਨਾਲ ਸਮਝਾਇਆ।

"ਕਿੰਨੇ ਪੈਸੇ ਮੰਗਾਏ ਨੇ ?" ਦੀਨੂ ਨੇ ਅਸਲ ਗੱਲ 'ਤੇ ਆਉਂਦਿਆਂ ਕਿਹਾ।

"ਦੋ ਸੋ" "ਦੋ ਸੋ... !! ਕਿੱਥੋਂ ਲਿਆਵਾਂ ਐਨੇ ਪੈਸੇ, ਕੰਮ ਤਾਂ ਹੁਣ ਚੱਲਦਾ ਨਹੀਂ, ਪਹਿਲਾਂ ਲੋਕ ਇੱਜ਼ਤ ਵੀ ਕਰਦੇ ਨਾਲੇ ਢੰਗ ਨਾਲ ਗੱਲ ਕਰਦੇ ਨਾਲੇ ਪੈਸੇ ਵੀ ਦਿੰਦੇ, ਹੁਣ ਤਾਂ ਕੋਈ ਦੇਖ ਵੀ ਰਾਜ਼ੀ ਨ੍ਹੀਂ।" ਦੀਨੂ ਨੇ ਦੁਖੀ ਮਨ ਨਾਲ ਕਿਹਾ।

"ਮੈਨੂੰ ਜੁਆਕ ਮੰਗ ਖਾਣੀ ਜਾਤ ਕਹਿ ਕੇ ਛੇਡਦੇ ਨੇ, ਨਾਲੇ ਕਹਿੰਦੇ ਨੇ ਇਹਨਾਂ ਕੋਲੇ ਪੈਸਿਆਂ ਦਾ ਕੀ ਤੋੜੈ, ਸਾਡੇ ਸਾਰੇ ਪੈਸੇ ਇਹਨਾਂ ਨੇ ਮੰਗ-ਮੰਗ ਕੱਠੇ ਕਰ ਲਏ।" ਰਾਮੂ ਨੇ ਭਰੇ ਮਨ ਨਾਲ ਕਿਹਾ ਤੇ ਅੱਖਾਂ 'ਚੋਂ ਹੰਝੂਆਂ ਦੀ ਨਦੀ ਵਹਿ ਤੁਰੀ। "ਅਸੀਂ ਮੀਰਜ਼ਾਦੇ ਆਂ ਮੀਰਜ਼ਾਦੇ। ਮੰਗ ਖਾਣੀ ਜਾਤ ਨਹੀਂ, ਪੈਸੇ ਐਵੇ ਨ੍ਹੀਂ ਮੰਗਦੇ, ਪਹਿਲਾਂ ਉਹਨਾਂ ਦੇ ਘਰ ਦੀਆਂ ਸੁੱਖਾਂ ਮੰਗਦੇ ਆਂ ਦੁਆਵਾਂ ਦਿੰਦੇ ਆਂ।" ਦੀਨੂ ਨੇ ਮਨ ਦੀ ਭੜਾਸ ਕੱਢੀ।

"ਇਹ ਕੰਮ ਛੱਡ ਕੇ ਕੋਈ ਹੋਰ ਕਰ ਲਓ, ਦਿਹਾੜੀ ਕਰ ਲਓ।" ਬੋਕਰ ਨਾਲ ਵਿਹੜਾ ਸਾਫ਼ ਕਰਦੀ ਪੰਜਵੀਂ 'ਚ ਪੜ੍ਹਦੀ ਮੀਤੋ ਨੇ ਕਿਹਾ। "ਹਾਂ ਪੁੱਤ ਜ਼ਰੂਰ ਕਰੂੰ ਹੋਰ ਕੰਮ, ਮੇਰੇ ਪਿਊ ਨੇ ਮੈਨੂੰ ਮੰਗਣਾ ਈ ਸਿਖਾਇਐ, ਦਿਹਾੜੀ ਕਰਨ ਨ੍ਹੀਂ। ਮੈਂ ਥੋਨੂੰ ਪੈਸਾ-ਪੈਸਾ ਮੰਗ ਕੇ ਪੜ੍ਹਾ ਰਿਹਾਂ ਮੰਗਣ ਤਾਂ ਨਹੀਂ ਸਿਖਾਉਂਦਾ। ਆ ਲੈ ਸੋ ਲੈ ਜਾ ਅੱਜ ਬਾਕੀ ਕੱਲ੍ਹ ਲੈ ਜਾਈਂ।" ਦੀਨੂ ਨੇ ਰਾਮੂ ਨੂੰ ਸੋ ਰੁਪਏ ਦਿੰਦਿਆਂ ਕਿਹਾ। "ਨਹੀਂ ਮੈਂ ਲੋਕਾਂ ਤੋਂ ਮੰਗੇ ਪੈਸੇ ਨਹੀਂ ਲੈ ਕੇ ਜਾਣੇ, ਮੈਂ ਤਾਂ ਮੇਰੀ ਮਾਂ ਦੀ ਕੀਤੀ ਹੋਈ ਲੋਕਾਂ ਦੇ ਘਰ ਗੋਹੇ-ਕੂੜੇ ਦੀ ਕਮਾਈ ਨਾਲ ਈ ਸਾਰ ਲਊਂ।" "ਉਹ ਵਾਹ ਪੁੱਤ, ਮੇਰੀਆਂ ਅੱਖਾਂ ਖੋਲ੍ਹ ਤੀਆਂ ਕਿ ਮਿਹਨਤ ਮਜ਼ੂਰੀ ਦੀ ਕਮਾਈ 'ਚ ਕਿੰਨੀ ਤਾਕਤ ਐ। ਆਹ ਲੈ ਅੱਜ ਤੋਂ ਮੰਗਣਾ ਛੱਡਿਆ, ਦਿਹਾੜੀ ਕਰਨੀ ਮਨਜ਼ੂਰ।" ਦੀਨੂ ਨੇ ਖਾਕੀ ਰੰਗ ਦਾ ਝੋਲਾ ਮੰਜੇ 'ਤੇ ਰੱਖਦਿਆਂ ਤੇ ਡੰਡਾ ਪਰਾਂ ਸੁੱਟਦਿਆਂ ਕਿਹਾ।

ਸਾਂਝਾ ਦਰਦ

"ਮੈਨੂੰ ਕੀ ਪਤਾ ਸੀ ਧੀਏ, ਤੈਨੂੰ ਏਸ ਘਰ 'ਚ ਤਿੰਨ ਕਪੜੇ ਵੀ ਨਹੀਂ ਜੁੜਨੇ। ਮੈਂ ਤਾਂ ਜ਼ਮੀਨ ਦੇਖੀ ਸੀ ਬਈ ਮੁੰਡਾ ਸੁਹਣਾ ਸੁਣਖੈ, ਕਮਾਊ ਐ ਤੇ ਚੰਗੀ ਪੈਲੀ ਐ। ਫਿਰ ਇਸ ਵਿੱਚ ਸਾਡਾ ਦੱਸ ਕੀ ਕਸੂਰ ਐ, ਇਹ ਤਾਂ ਤੇਰੇ ਸੰਜੋਗਾਂ ਦੀ ਗੱਲ ਐ।" ਪਿਓ ਨੇ ਆਪਣੀ ਧੀ ਦੇ ਦੁੱਖਾਂ 'ਚ ਸ਼ਰੀਕ ਹੁੰਦਿਆਂ ਕਿਹਾ। "ਬਾਪੂ ਇਕ ਜ਼ਮੀਨ ਦੇਖ ਲੀ, ਇਹ ਤਾਂ ਨਹੀਂ ਦੇਖਿਆ ਕਿ ਇਸ ਟੱਬਰ 'ਚ ਤੇਰੀ ਧੀ ਦਾ ਕੀ ਹਾਲ ਹੋਣੈ, ਇਹ ਨਹੀਂ ਸੋਚਿਆ।" ਧੀ ਨੇ ਆਪਣੇ ਪਿਓ ਨੂੰ ਦੁੱਖ ਦੱਸਦਿਆਂ ਕਿਹਾ। ਕੋਲ ਬੈਠੀ ਕੁਲਬੀਰ ਦੀ ਸੱਸ ਭਰੇ ਮਨ ਨਾਲ ਬਿਨਾਂ ਬੋਲਿਆਂ ਉਠ ਕੇ ਅੰਦਰ ਚਲੀ ਗਈ। ਕੁਲਬੀਰ ਦਾ ਸਹੁਰਾ ਚੁੱਪ ਬੈਠਾ ਆਪਣੇ ਰਿਸ਼ਤੇਦਾਰ ਅਤੇ ਨੂੰਹ ਵੱਲੋਂ ਕੀਤੀਆਂ ਜਾ ਰਹੀਆਂ ਬੇਰੁਖੀਆਂ ਗੱਲਾਂ ਤੋਂ ਅੰਦਰੋ-ਅੰਦਰੀ ਜ਼ਖ਼ਮੀ ਹੁੰਦਾ ਜਾ ਰਿਹਾ ਸੀ। "ਕਿਉਂ ਸਰਦਾਰ ਜੀ ? ਆਂਏ ਤਾਂ ਠੀਕ ਨਹੀਂ, ਕੁੜੀ ਦਾ ਦੁੱਖ ਤਾਂ ਸਾਡੇ ਕੋਲੋਂ ਦੇਖਿਆ ਨਹੀਂ ਜਾਂਦਾ। ਤਿੰਨ ਮਹੀਨਿਆਂ 'ਚ ਕੁੜੀ ਦਾ ਬੁਰਾ ਹਾਲ ਹੋ ਗਿਆ। ਆਹੀ ਉਮਰ ਐ ਏਨ੍ਹਾਂ ਦੀ ਪਹਿਣਨ-ਹੰਡਾਉਣ ਦੀ।" ਕੁਲਬੀਰ ਦੇ ਪਿਓ ਨੇ ਆਪਣੇ ਕੁੜਮ ਨੂੰ ਉਲਾਂਭਾ ਦਿੰਦਿਆਂ ਕਿਹਾ।

"ਨਿਹਾਲ ਸਿੰਘ, ਮੈਂ ਸਭ ਜਾਣਦਾ ਬਈ, ਆਹੀ ਉਮਰ ਐ ਪਹਿਣਨ-ਹੰਡਾਉਣ ਦੀ। ਤੂੰ ਤਾਂ ਜਾਣਦਾ ਈ ਐਂ, ਚੰਗੀ ਜ਼ਮੀਨ ਐ, ਹੁੱਬਕੇ ਕੰਮ ਕਰਦੇ ਐ ਤਿੰਨੇ ਮੁੰਡੇ, ਸਾਰਾ ਟੱਬਰ ਕੋਹਲੂ ਦਾ ਬੈਲ ਬਣਿਐ ਰਹਿੰਦੈ। ਪਹਿਲਾਂ ਕਈ ਸਾਲ ਹੜ੍ਹ ਮਾਰਦੇ ਰਹੇ, ਫੇਰ ਸੋਕੇ ਨੇ ਲੂਹ ਕੇ ਰੱਖ ਦਿੱਤੇ। ਆੜ੍ਹਤੀਏ ਕੋਲ ਜਾਂਦਿਆਂ ਨੂੰ ਸ਼ਰਮ ਆਉਣ ਲੱਗ ਪਈ। ਮੁੜਦਾ ਤਾਂ ਕੁਝ ਨਹੀਂ, ਚੜ੍ਹੀ ਜਾਂਦੈ।" ਗੱਲ ਕਰਦਿਆਂ ਕੁਲਬੀਰ ਦੇ ਸਹੁਰੇ ਦਾ ਗੱਚ ਭਰ ਆਇਆ। "ਚੱਲੋ ਸਰਦਾਰ ਜੀ ਹਿੰਮਤ ਰੱਖੋ, ਇਹ ਕਿਹੜਾ ਕਿਸੇ ਦੇ ਸਾਰੇ ਦੀ ਗੱਲ ਐ, ਘਰ ਘਰ ਏਹੀ ਹਾਲ ਐ। ਕਰਜ਼ਾ ਇਕ ਵਾਰੀ ਚੜ੍ਹਜੇ ਫੇਰ ਤਾਂ.....।" ਨਿਹਾਲ ਸਿੰਘ ਨੇ ਮੋਢੇ 'ਤੇ ਪਰਨਾ ਰੱਖ ਖੜੇ ਹੁੰਦਿਆਂ ਕਿਹਾ। "ਹਾਂ! ਨਿਹਾਲ ਸਿਆਂ, ਜੇ ਏਸ ਵਾਰ ਦਾਤੇ ਨੇ ਮਿਹਰ ਕਰ ਦਿੱਤੀ ਤਾਂ ਸਾਰੇ ਧੋਣੇ ਧੋਤੇ ਜਾਣਗੇ।" ਕੁਲਬੀਰ ਦੇ ਸਹੁਰੇ ਨੇ ਮਨ ਨੂੰ ਤਸੱਲੀ ਦਿੰਦਿਆਂ ਕਿਹਾ। ਕੁਲਬੀਰ ਭਰੇ ਮਨ ਨਾਲ ਬਿਨਾਂ ਸੁਆਲ ਕੀਤਿਆਂ ਉੱਠ ਕੇ ਅੰਦਰ ਚਲੀ ਗਈ।

ਮੱਕੜ ਜਾਲ

ਮੁੱਖ ਗਲੀ ਦੀ ਨੁੱਕਰ 'ਤੇ ਬਣੀ ਬੈਠਕ ਵਿੱਚ ਸਾਮਾਨ ਤੇ ਕਿਤਾਬਾਂ ਖਿੱਲਰੀਆਂ ਪਈਆਂ ਸਨ। ਟੁੱਟੀ ਹੋਈ ਮੇਜ਼ ਤੇ ਕੁਰਸੀ ਨੂੰ ਢੋਅ ਲਾ ਕੇ ਬੈਠਾ ਰਾਮਦਾਸ ਮੱਥੇ 'ਤੇ ਆਏ ਮੁੜ੍ਹਕੇ ਨੂੰ ਟੁੱਟੇ ਹੋਏ ਦੀਵਾਨ ਦੀ ਸੀਟ ਨਾਲ ਪੂੰਝਦਾ ਹੋਇਆ ਬੋਲਿਆ "ਗਿਰਗਿਟ ਵੀ ਠੀਕ ਹੁੰਦੈ, ਥੋਡੇ ਨਾਲੋਂ ਤਾਂ ਲੋਕੋ, ਬੇਸਮਝ, ਅਕਲਹੀਣ।" ਬਾਹਰੋਂ ਖੇਡ ਕੇ ਘਰ ਆਈ ਰਾਮਦਾਸ ਦੀ ਧੋਤੀ ਬਬਲੀ ਆਪਣੇ ਪਿਆਰੇ ਦਾਦੇ ਦੇ ਕਮਰੇ ਦਾ ਟੁੱਟਿਆ ਸਾਮਾਨ ਦੇਖ ਕੇ ਹੱਕੀ-ਬੱਕੀ ਰਹਿ ਗਈ, "ਦਾਦਾ ਜੀ ਇਹ ਕੀ ਹੋ ਗਿਆ ? ਉਹ ਲੋਕ ਕੌਣ ਸੀ ਜਿਹੜੇ ਹੁਣੇ ਰੌਲਾ ਪਾਉਂਦੇ ਜਾਂਦੇ ਸੀ ?" ਬਬਲੀ ਨੇ ਆਪਣੇ ਬੇਬਸ ਦਾਦੇ ਨੂੰ ਕਈ ਸਵਾਲ ਕਰ ਦਿੱਤੇ।

"ਬੇਸਮਝ ਨੇ ਕਿਸੇ ਥਾਂ ਦੇ।" ਰਾਮਦਾਸ ਨੇ ਗੁੱਸੇ 'ਚ ਕਿਹਾ। ਬਬਲੀ ਦੇ ਬਾਲਮਨ ਨੂੰ ਸਮਝ ਨਾ ਆਈ ਕਿ ਹਰ ਸਮੇਂ ਹੱਸਦਾ ਰਹਿਣ ਵਾਲਾ ਉਸ ਦਾ ਦਾਦਾ ਅੱਜ ਏਨਾ ਨਾਰਾਜ਼ ਤੇ ਦੁਖੀ ਕਿਉਂ ਹੈ। ਪੁੱਤਰਾਂ ਵਾਂਗ ਸੰਭਾਲਿਆ ਸਾਮਾਨ ਕੀਹਨੇ ਤੋੜਿਆ ਹੈ ? ਉਹ ਬਿਨਾਂ ਸੁਆਲ ਕੀਤਿਆਂ ਹੀ ਖਿੰਡੀਆਂ ਕਿਤਾਬਾਂ ਇਕੱਠੀਆਂ ਕਰਨ ਲੱਗ ਪਈ। "ਮੈਂ ਕਿੰਨੇ ਵਾਰ ਕਿਹੈ, ਥੋਡੀਆਂ ਗੱਲਾਂ ਲੋਕਾਂ ਦੀ ਸਮਝ 'ਚ ਨਹੀਂ ਆਉਂਦੀਆਂ। ਦੁਨੀਆ ਤਾਂ ਹੁਣ ਹੱਲੀ ਪਈ ਐ। ਜਿਹੜਾ ਪਿੱਛੇ ਲਾ ਲੈਂਦੈ ਉਧਰ ਹੀ ਤੁਰ ਪੈਂਦੀ ਹੈ।" ਲਛਮੀ ਨੇ ਪਤੀ ਦੀ ਹਾਲਤ ਦੇਖ ਕੇ ਨਿਹੋਰਾ ਦਿੱਤਾ।

"ਮੋਟਾ ਦਿਮਾਗ ਐ ਏਨ੍ਹਾ ਦਾ। ਸੱਚ-ਝੂਠ ਦਾ ਪਤਾ ਕੀਤੇ ਬਿਨਾਂ ਹੀ ਕੋਹ-ਰਾਮ ਮਚਾ ਦਿੰਦੇ ਨੇ। ਰਾਮ ਸੁਮੱਤ ਬਖਸ਼ੇ ਇਨ੍ਹਾਂ ਨੂੰ।" ਰਾਮਦਾਸ ਨੇ ਬੜੀ ਹਲੀਮੀ ਨਾਲ ਕਿਹਾ। "ਮੈਂ ਕਹਿਣੀ ਆਂ ਜਿਹੜੇ ਲੋਕ ਓਦਣ, ਥੋਡੀ ਹਾਂ 'ਚ ਹਾਂ ਮਿਲਾਉਂਦੇ ਸੀ। ਕਹਿੰਦੇ ਸੀ ਰਾਮਸੇਤੂ ਤਾਂ ਕੁਦਰਤੀ ਆਪਣੇ ਆਪ ਬਣਿਐ। ਅੱਜ ਭੜਕ ਕਿਵੇਂ ਗਏ ?" ਉਦੋਂ ਲੋਕ ਕੱਲੇ ਸੀ, ਰੱਬ ਨੂੰ ਸੱਚੇ ਦਿਲੋਂ ਮੰਨਣ ਵਾਲੇ। ਅੱਜ ਏਨਾਂ ਨੂੰ ਕਿਸੇ ਨੇਤਾ ਨੇ ਪੱਟੀ ਪੜਾ ਦਿੱਤੀ ਹੋਣੀ, ਵੋਟਾਂ ਹੂੰਝਣ ਵਾਸਤੇ।" ਕਹਿੰਦਿਆਂ ਰਾਮਦਾਸ ਦੇ ਅੱਖਾਂ 'ਚ ਹੰਝੂ ਆ ਗਏ। "ਤੁਸੀਂ ਕਿਉਂ ਮਨ ਹੌਲਾ ਕਰਦੇ ਓ ਜਿਹੜਾ ਮਰਦੈ, ਮਰਨ ਦਿਉ।" ਦੁਖੀ ਹੋਈ ਲੱਛਮੀ ਨੇ ਕਿਹਾ। "ਲੱਛਮੀ, ਮੈਂ ਆਪਣੇ ਟੁੱਟੇ ਸਾਮਾਨ ਦਾ ਮਾਰਾ ਨਹੀਂ ਰੋਂਦਾ, ਮੈਨੂੰ ਤਾਂ ਇਹ ਦੁੱਖ ਹੈ ਕਿ ਅੰਧਵਿਸ਼ਵਾਸ ਤੇ ਨੇਤਾਵਾਂ ਦੇ ਝੂਠੇ ਮੱਕੜਜਾਲ 'ਚੋਂ ਬੇਚਾਰੀ ਦੁਨੀਆ ਕਦੋਂ ਨਿਕਲੂ ?" ਕਹਿੰਦਿਆਂ ਰਾਮਦਾਸ ਨੇ ਅੱਖਾਂ ਬੰਦ ਕਰ ਲਈਆਂ।

ਫੈਸਲਾ

ਨੂਰਾਂ ਨੇ ਸਵੇਰੇ ਮੂੰਹ ਹਨੇਰੇ ਹੀ ਘਰ ਦਾ ਸਾਰਾ ਕੰਮ ਕਰ ਲਿਆ । ਉਸ ਨੇ ਸਬਜ਼ੀ ਨੂੰ ਢੱਕਣ ਨਾਲ ਢਕ ਕੇ ਰੱਖਦਿਆਂ ਕਿਹਾ, 'ਭਾਫ ਵੀ ਕੰਬਖ਼ਤ, ਅੱਖਾਂ ਵਾਲੇ ਪਾਸੇ ਹੀ ਆਉਂਦੀ ਹੈ, ਜਿਉਣ ਲਾਇਕ ਨਹੀਂ ਛੱਡਣਾ ਕੁਲੈਹਣੀ ਨੇ' "ਕੀ ਹੋ ਗਿਆ ਤੇਨੂੰ ? ਅੱਜ ਕਿਉਂ ਤੂੰ ਉਖੜੀਆਂ ਉਖੜੀਆਂ ਗੱਲਾਂ ਕਰ ਰਹੀ ਏਂ ?" ਨੂਰਾਂ ਦੀ ਸੱਸ ਸਲਮਾਂ ਨੇ ਸੁਆਲ ਕੀਤਾ।

"ਮੈਂ ਹੀ ਬੁਰੀ ਹਾਂ ਬਾਕੀ ਸਾਰਾ ਜਹਾਨ ਸ਼ੁੱਧ ਐ" ਨੂਰਾਂ ਨੇ ਖਾਣੇ ਵਾਲੀ ਥਾਲੀ ਆਪਣੀ ਸੱਸ ਮੂਹਰੇ ਰਖਦਿਆਂ ਕਿਹਾ। "ਓਹ ਮੇਰੇ ਅੱਲਾਹ! ਕਿਸ ਮਿੱਟੀ ਦੀ ਬਣੀ ਹੈ ਇਹ" ਸਲਮਾ ਨੇ ਪਹਿਲੀ ਗਰਾਹੀ ਮੂੰਹ ਵਿਚ ਪਾਉਂਦਿਆਂ ਕਿਹਾ। "ਮੈਨੂੰ ਕੁਝ ਨਹੀਂ ਹੋਇਆ, ਰਾਤੀਂ ਉਨ੍ਹਾਂ ਦਾ ਫੋਨ ਆਇਆ ਸੀ, ਡੁਬਈ ਤੋਂ, ਕਹਿ ਰਿਹਾ ਸੀ, ਤਲਾਕ! ਤਲਾਕ! ਤਲਾਕ!" ਨੂਰਾਂ ਦੀਆਂ ਅੱਖਾਂ ਭਰ ਆਈਆਂ। "ਓ ..ਹੋ ਡਾਇਨ, ਪਹਿਲਾਂ ਨ੍ਹੀਂ ਦੱਸਿਆ! ਮੈਂ ਤਾਂ ਤੇਰੇ ਹੱਥ ਦਾ ਖਾਣਾ ਵੀ ਖਾ ਲਿਆ ਥੂ ਥੂ ਤੇਰਾ ਇਸ ਘਰ ਵਿਚ ਹੁਣ ਕੋਈ ਸੰਬੰਧ ਨਹੀਂ ਰਿਹਾ" ਸਲਮਾਂ ਨੇ ਖਾਣੇ ਦੀ ਥਾਲੀ ਇਕ ਪਾਸੇ ਸਰਕਾਉਂਦਿਆਂ ਕਿਹਾ। "ਸੰਬੰਧ ਕਿਉਂ ਨਹੀਂ, ਇਹ ਘਰ ਵੀ ਮੇਰਾ ਹੈ ਤੇ ਤੁਸੀਂ ਵੀ ਮੇਰੇ ਆਪਣੇ ਹੋ। ਮੈਨੂੰ ਘਰ ਤੋਂ ਬਾਹਰ ਕੱਢ ਕੇ ਦਿਖਾਵੇ ਕੋਈ" ਨੂਰਾਂ ਦੀਆਂ ਅੱਖਾਂ ਲਾਲ ਹੋ ਗਈਆਂ। "ਸਾਡੇ ਧਰਮ 'ਚ ਇਸ ਤਰ੍ਹਾਂ ਦੀ ਹੀ ਰੀਤ ਹੈ । ਸਭ ਨੂੰ ਮੰਨਣਾ ਹੀ ਪੈਂਦੈ। ਖਾਵੰਦ ਦੀ ਖੁਸ਼ੀ ਵਿਚ ਹੀ ਖੁਸ਼ੀ ਹੈ । ਅੱਲਹਾ ਤਾਲਾ ਨੂੰ ਜੋ ਮੰਜ਼ੂਰ।" "ਪਰ ਮੈਂ ਇਸ ਤਰ੍ਹਾਂ ਨਹੀਂ ਹੋਣ ਦਿਆਂਗੀ । ਔਰਤ ਕੋਈ ਮੱਝ-ਬੱਕਰੀ ਤਾਂ ਨਹੀਂ, ਜਦੋਂ ਚਾਹੋ ਅਪਣਾ ਲੋ ਤੇ ਜਦੋਂ ਚਾਹੋ ਛੱਡ ਦਿਓ। ਇਕ ਗੱਲ ਹੋਰ ਸੁਣ ਲਓ, ਤੁਸੀਂ ਮੇਰੀ ਮਾਂ ਹੋ ਤੇ ਮਾਂ ਹੀ ਰਹੋਗੇ । ਇਹ ਘਰ ਵੀ ਮੈਂ ਇੰਨਾ ਛੇਤੀ ਛੱਡਣ ਵਾਲੀ ਨਹੀਂ ਹਾਂ।" ਨੂਰਾਂ ਦੇ ਬੋਲਾਂ 'ਚ ਲੋਹੜੇ ਦਾ ਗੁੱਸਾ ਤੇ ਅੱਖਾਂ ਲਾਲ ਸੀ। "ਸਾਰੀ ਦੁਨੀਆ ਮੰਨਦੀ ਹੈ, ਤੈਨੂੰ ਵੀ ਮੰਨਣਾ ਹੀ ਪੈਣੇ। ਨਾਲੇ ਇਹ ਸਾਡਾ ਧਰਮ ਵੀ ਹੈ" ਸਲਮਾ ਨੇ ਬਹੁਤ ਹੀ ਹਲੀਮੀ ਨਾਲ ਕਿਹਾ।

"ਦੁਪਹਿਰ ਦਾ ਖਾਣਾ ਮੈਂ ਰੱਖ ਦਿੱਤਾ । ਘਰ ਨੂੰ ਸੰਭਾਲ ਲੈਣਾ । ਮੈਂ ਕੋਰਟ 'ਚ ਵਕੀਲ ਕੋਲ ਜਾ ਰਹੀ ਹਾਂ" ਨੂਰਾਂ ਨੇ ਪਰਸ ਚੁੱਕਿਆ ਤੇ ਘਰ ਦਾ ਬੂਹਾ ਗੁੱਸੇ 'ਚ ਖੋਲ੍ਹਿਆ ਤੇ ਘਰ ਤੋਂ ਚਲੀ ਗਈ। ਸਲਮਾਂ ਦੇ ਕੰਨਾਂ 'ਚ ਕਿੰਨਾ ਹੀ ਚਿਰ ਬੂਹਾ ਖੋਲ੍ਹਣ ਦੀ ਚੀਂ-ਚੀਂ ਦੀ ਆਵਾਜ਼ ਗੂੰਜਦੀ ਰਹੀ । ਉਹ ਮਨ ਹੀ ਮਨ ਬਹੁਤ ਤੜਫੀ, ਪਰ ਨੂਰਾਂ ਨੂੰ ਰੋਕ ਨਾ ਸਕੀ।

ਦਿਲ ਦਾ ਟੁਕੜਾ

ਚਾਰ ਪੁੱਤਾਂ ਦੀ ਮਾਂ ਤੜਫਦੀ ਹੈ, ਤਾਂ ਬਿਨਾਂ ਔਲਾਦ ਵਾਲਿਆਂ ਦਾ ਕੀ ਹਾਲ ਹੋਵੇਗਾ। ਸੋਚਦਿਆਂ ਮਨ ਬੇਚੈਨ ਹੋ ਰਿਹਾ ਹੈ। ਅਜੇ ਤਾਂ ਉਮਰ ਵੀ ਪੌਂਹਟ ਸਾਲ ਦੀ ਹੋਈ ਹੈ, ਕੱਲ੍ਹ ਨੂੰ ਸੱਤਰ ਫਿਰ ਓਹ ਜਾਣੇ। ਇਨ੍ਹਾਂ ਸੋਚਾਂ ਵਿੱਚ ਹੀ ਰਾਮ ਪਿਆਰੀ ਦੀਆਂ ਅੱਖਾਂ ਛਲਕ ਉਠੀਆਂ। "ਨਹੀਂ, ਮੇਰੇ ਪੁੱਤ ਤਾਂ ਬਹੁਤਿਆਂ ਨਾਲੋਂ ਚੰਗੇ ਨੇ, ਮਾਂ ਸੱਦਕੇ..। ਮਾਂ ਮਾਂ ਕਰਦਿਆਂ ਦਾ ਮੂੰਹ ਰਸ ਨਾਲ ਭਰ ਜਾਂਦਾ ਹੈ।" ਰਾਮ ਪਿਆਰੀ ਨੇ ਮਨ ਹੀ ਮਨ ਸਰਵਣ ਪੁੱਤਰਾਂ ਦੀ ਤੁਲਨਾ ਕੀਤੀ।

'ਪੁੱਤ ਹੋਣ ਤਾਂ ਰਾਮ ਪਿਆਰੀ ਦੇ ਪੁੱਤਰਾਂ ਵਰਗੇ' ਪਿੰਡ ਵਾਲੇ ਅਕਸਰ ਹੀ ਕਹਿ ਦਿੰਦੇ। ਰਾਮ ਪਿਆਰੀ ਬੇਚੈਨ ਮਨ ਨਾਲ ਮੰਜੇ ਤੋਂ ਖੜੀ ਹੋਈ, ਰਸੋਈ 'ਚ ਜਾ ਕੇ ਪਾਣੀ ਦਾ ਗਿਲਾਸ ਇੱਕਦਮ ਪੀ ਗਈ। ਉਸ ਦੇ ਮਨ ਨੂੰ ਕੁੱਝ ਚੈਨ ਆਈ। ਉਸ ਨੇ ਉਬਾਸੀ ਲੈਂਦਿਆਂ ਕਿਹਾ, 'ਹੇ ਰਾਮ...।'

ਕ੍ਰਿਸ਼ਨ ਨੇ ਮੰਜੇ ਦਾ ਸਿਰਹਾਣਾ ਠੀਕ ਕਰਦਿਆਂ ਆਪਣੀ ਪਤਨੀ ਰਾਮ ਪਿਆਰੀ ਨੂੰ ਕਿਹਾ, "ਹੁਣ ਪਤਾ ਨਹੀਂ ਕਿਉਂ ਬਹੂ ਦੀ ਬੇਰੁਖੀ ਦਿਨੋਂ-ਦਿਨ ਵਧਦੀ ਹੀ ਜਾਂਦੀ ਐ।" "ਬਹੂ ਨੂੰ ਤੇਰੀ ਟੋਕ ਲੱਗ ਗਈ। ਤੂੰ ਹਰ ਰੋਜ਼ ਹੀ ਕਹਿੰਦਾ ਸੀ, ਬਹੂ ਤਾਂ ਬਹੁਤ ਸਿਆਣੀ ਐ । ਇਹ ਤਾਂ ਜੀ ਤੋੜ ਕੇ ਕੰਮ ਕਰਦੀ ਐ।" ਰਾਮ ਪਿਆਰੀ ਨੇ ਭਰੇ ਮਨ ਨਾਲ ਕਿਹਾ। ਕ੍ਰਿਸ਼ਨ ਦੇ ਚਿਹਰੇ 'ਤੇ ਚਿੰਤਾ ਦੀਆਂ ਲਕੀਰਾਂ ਹੋਰ ਗਹਿਰੀਆਂ ਹੋ ਗਈਆਂ। ਉਸ ਨੇ ਮੰਜੇ

28-July-Sunday.qxd 7/27/2024 9:39 PM Page 2

ਸੰਘਰਸ਼ੀ ਪੈੜਾਂ

ਹਰਸ਼ਾ ਛੀਨਾ ਮੋਘਾ ਮੋਰਚਾ

ਚਰੰਜੀ ਲਾਲ ਕੰਗਣੀਵਾਲ

ਅੰਗਰੇਜ਼ੀ ਰਾਜ ਵੱਲੋਂ ਬੰਜਰ ਜ਼ਮੀਨ ਨੂੰ ਉਪਯੋਗੀ ਬਣਾਉਣ ਲਈ ਦਰਿਆਵਾਂ ਦੇ ਪਾਣੀਆਂ ਨੂੰ ਬੰਨ੍ਹ ਲਾ ਕੇ ਨਹਿਰਾਂ ਕੱਢੀਆਂ ਗਈਆਂ ਅਤੇ ਬਾਰਾਂ ਵਸਾ ਕੇ ਜ਼ਮੀਨ ਆਬਾਦ ਕੀਤੀ ਗਈ। ਇੰਗਲੈਂਡ ਦੀ ਇੰਡਸਟਰੀ ਲਈ ਕੱਚੇ ਮਾਲ ਵਜੋਂ ਇਥੋਂ ਦੀ ਪੈਦਾਵਾਰ ਦੀ ਢੋਆ-ਢੁਆਈ ਲਈ ਰੇਲਵੇ ਦਾ ਵਿਸਥਾਰ ਕੀਤਾ ਗਿਆ।ਨਹਿਰਾਂ ਦੇ ਮਹੱਤਵ ਨੂੰ ਮੁੱਖ ਰੱਖਦਿਆਂ ਸ਼ੁਰੂਆਤ ਵਿੱਚ ਰੇਲ ਵਿਭਾਗ ਦੀ ਤਰਜ਼ 'ਤੇ ਪੰਜਾਬ ਸਰਕਾਰ ਨਹਿਰੀ ਵਿਭਾਗ ਦਾ ਬਜਟ ਅਲੱਗ ਰੱਖਦੀ ਸੀ ਅਤੇ ਵੱਖਰੇ ਬਜਟ ਦੇ ਰੂਪ ਵਿੱਚ ਪੰਜਾਬ ਸਰਕਾਰ ਅੱਗੋਂ ਮਨਜ਼ੂਰੀ ਲਈ ਪੇਸ਼ ਕਰਦੀ ਸੀ। 1930 ਦੇ ਅਖੀਰ 'ਚ ਜ਼ਮੀਨੀ ਮਾਲੀਏ ਅਤੇ ਨਹਿਰੀ ਆਬਿਆਨਾ ਰੇਟ ਤੋਂ ਸਰਕਾਰ ਨੂੰ ਸਾਂਝੀ ਆਮਦਨ 9 ਕਰੋੜ ਸੀ, ਜਿਹੜੀ ਸੂਬੇ ਦੇ ਬਜਟ ਦਾ 80 ਫੀਸਦੀ ਤੋਂ ਜ਼ਿਆਦਾ ਬਣਦਾ ਸੀ। ਜ਼ਮੀਨੀ ਹਾਲਾ ਅਤੇ ਆਬਿਆਨਾ ਫਲੈਟ ਰੇਟ 'ਤੇ ਪ੍ਰਤੀ ਏਕੜ ਉਗਰਾਇਆ ਜਾਂਦਾ ਸੀ। ਇਸ ਤੋਂ ਅੱਗੇ ਵਟਾਈ ਵਾਹੀਕਾਰਾਂ ਨੂੰ ਵੀ ਇਸ ਟੈਕਸ ਦਾ ਬੋਝ ਆਪਣੇ ਜ਼ਿਮੀਦਾਰਾਂ ਨਾਲ ਵੰਡਾਉਣਾ ਪੈਂਦਾ ਸੀ। ਇਸ ਤਰ੍ਹਾਂ ਕਿਸਾਨ ਵਰਗ ਛੋਟੇ-ਵੱਡੇ ਵਟਾਈ ਵਾਹੀਕਾਰਾਂ ਸਮੇਤ ਸੂਬੇ ਦੇ ਪ੍ਰਸ਼ਾਸਨ ਦਾ ਮੁੱਖ ਰੂਪ ਵਿੱਚ ਪੂਰਾ ਖ਼ਰਚਾ ਭਰਦੇ ਸਨਸ਼ ਟੈਕਸ ਬੋਝ ਦੇ ਇਹ ਬੇਢੰਗੇ ਲੱਛਣ ਕਾਰਨ ਇਹ ਮੰਗ ਜਾਇਜ਼ ਉੱਠ ਖੜ੍ਹੀ ਹੋਈ ਕਿ ਕਿਸਾਨਾਂ 'ਤੇ ਉਸੇ ਸਿਧਾਂਤ ਨਾਲ ਟੈਕਸ ਲਾਇਆ ਜਾਏ, ਜਿਹੜਾ ਸਿਧਾਂਤ ਵਸੋਂ ਦੇ ਹੋਰ ਵਰਗਾਂ ਤੇ ਆਮਦਨ ਟੈਕਸ ਵਜੋਂ ਲੱਗਦਾ ਹੈ। ਨਹਿਰੀ ਵਿਭਾਗ ਦੇ ਬਜਟ ਦੀ ਪੜਤਾਲ ਕਰਨ ਤੋਂ ਆਬਿਆਨਾ, ਨਹਿਰੀ ਮਾਮਲਾ, ਰੇਟ ਦੇ ਗੈਰ-ਸਿਧਾਂਤਕ ਅਤੇ ਗੈਰ-ਵਾਜਬ ਹੋਣ ਦੀ ਗੱਲ ਹੋਰ ਵੀ ਨਿਖਰ ਕੇ ਸਾਹਮਣੇ ਆ ਗਈ।

ਰੇਲਵੇ ਵਾਂਗ ਪੰਜਾਬ ਦੀਆਂ ਨਹਿਰਾਂ ਉੱਤੇ ਵੀ ਬਰਤਾਨੀਆ ਦੇ ਪੂੰਜੀਪਤੀਆਂ ਵੱਲੋਂ 40 ਕਰੋੜ ਰੁਪਈਆ ਲੱਗਾ ਹੋਇਆ ਦੱਸਿਆ ਜਾਂਦਾ ਸੀ ਅਤੇ ਰੇਲਵੇ ਵਾਂਗ ਨਹਿਰਾਂ ਤੋਂ ਕਈ ਗੁਣਾਂ ਮੁਨਾਫ਼ਾ ਕਮਾਇਆ ਜਾਂਦਾ ਸੀ। ਅੰਗਰੇਜ਼ਾਂ ਦੀ ਚਾਲਬਾਜ਼ੀ ਨਾਲ ਕੀਤੀ ਜਾਂਦੀ ਲੁੱਟ ਦੇ ਵਿਰੁੱਧ ਕਿਸਾਨ ਹਿਤੈਸ਼ੀ ਪਾਰਟੀਆਂ ਆਵਾਜ਼ ਉਠਾ ਰਹੀਆਂ ਸਨ। ਵਕਾਲਤ ਪਾਸ ਕਰਕੇ ਕਿਰਤੀ ਪਾਰਟੀ ਵਿੱਚ ਸ਼ਾਮਲ ਹੋਏ ਜਗਜੀਤ ਸਿੰਘ ਲਾਇਲਪੁਰੀ ਨੇ ਇਸ ਦਾ ਸਰਵੇਖਣ ਕਰਕੇ ਸਰਕਾਰੀ ਭੇਦਾਂ ਨੂੰ ਸਾਹਮਣੇ ਲਿਆਂਦਾ ਕਿ:

1. ਨਹਿਰਾਂ 'ਤੇ ਕੁੱਲ ਨਿਵੇਸ਼ 1945-46 ਤੱਕ 41 ਕਰੋੜ 64 ਲੱਖ ਸੀ, ਜਦੋਂ ਕਿ ਕੁੱਲ ਆਬਿਆਨਾ, ਜਿਹੜਾ ਸਰਕਾਰ ਵੱਲੋਂ 1945-46 ਤੱਕ ਵਸੂਲਿਆ ਗਿਆ, 180 ਕਰੋੜ ਸੀ।

2. 1945-46 ਤੱਕ ਵਿਆਜ ਦੀ ਕੁੱਲ ਵਸੂਲੀ 50 ਕਰੋੜ 50 ਲੱਖ ਸੀ, ਜਦੋਂ ਕਿ ਨਹਿਰਾਂ ਤੋਂ ਸ਼ੁੱਧ ਆਮਦਨੀ 1945-46 ਤੱਕ 120 ਕਰੋੜ 50 ਲੱਖ ਸੀ।

ਨਹਿਰਾਂ ਦੀ ਸੰਭਾਲ 'ਤੇ ਕੀਤਾ ਖਰਚਾ ਇਸ ਆਮਦਨ ਵਿਚੋਂ ਬਹੁਤ ਮਾਮੂਲੀ ਸੀ।

ਇਸ ਤਰ੍ਹਾਂ ਇਹ ਜ਼ਾਹਿਰ ਹੋਇਆ ਕਿ ਸਰਕਾਰ ਨੇ ਸਿਰਫ਼ ਵਿਆਜ ਵਜੋਂ ਹੀ 51.5 ਕਰੋੜ ਰੁਪਏ ਵਸੂਲ ਕੀਤੇ, ਜਦ ਕਿ 1945-46 ਤੱਕ ਨਹਿਰਾਂ ਉੱਤੇ ਆਈ ਕੁੱਲ ਲਾਗਤ ਸਿਰਫ਼ 41.46 ਕਰੋੜ ਹੀ ਸੀ। ਇਸ ਤਰ੍ਹਾਂ ਪੰਜਾਬ ਦੇ ਕਿਸਾਨ ਨਹਿਰਾਂ ਦਾ ਮਾਲਕੀ ਹੱਕ ਲੈਣ ਦੇ ਕਾਨੂੰਨੀ ਹੱਕਦਾਰ ਸਨ।

ਸੰਨ 1937 ਵਿੱਚ ਬਹੁਤ ਸਾਰੇ ਸੂਬਿਆਂ ਵਿੱਚ ਕਾਂਗਰਸੀ ਸਰਕਾਰਾਂ ਬਣ ਗਈਆਂ, ਪਰ ਪੰਜਾਬ ਵਿੱਚ ਅੰਗਰੇਜ਼-ਪੱਖੀ ਯੂਨੀਅਨਿਸਟ ਪਾਰਟੀ ਦੀ ਸਰਕਾਰ ਬਣੀ, ਜਿਹੜੀ ਆਪਣੇ ਆਪ ਨੂੰ ਕਿਸਾਨ-ਪੱਖੀ ਦੱਸਦੀ ਸੀ, ਪਰ ਉਸ ਨੇ ਇਸ ਮਸਲੇ ਵੱਲ ਧਿਆਨ ਦੇਣ ਦੀ ਬਜਾਏ ਕਿਸਾਨਾਂ ਪਾਸੋਂ ਨਹਿਰੀ ਪਾਣੀ ਖੋਹ ਕੇ ਸਰਕਾਰੀ ਰੱਖਾਂ, ਜੰਗਲਾਂ, ਸ਼ਹਿਰ ਦੇ ਅਮੀਰਾਂ ਦੇ ਬੰਗਲਿਆਂ ਤੇ ਬਾਗਾਂ ਨੂੰ ਦੇਣ ਦੀ ਯੋਜਨਾ ਬਣਾਈ, ਇਸ ਦਾ ਨਾਂਅ 'ਗੀਮਾਂਡਲਿੰਗ ਸਕੀਮ' ਰੱਖਿਆ। ਇਸ ਸਕੀਮ ਦੇ ਤਹਿਤ ਕਈ ਜ਼ਿਲ੍ਹਿਆਂ ਵਿੱਚ ਨਹਿਰੀ ਮੋਘੇ ਛੋਟੇ ਕਰ ਦਿੱਤੇ ਗਏ।

ਨਹਿਰ ਅਪਰਬਾਰੀ ਦੋਆਬ ਦੀ ਲਾਹੌਰ ਬਰਾਂਚ ਅੰਮ੍ਰਿਤਸਰ ਜ਼ਿਲ੍ਹੇ ਦੀ ਤਹਿਸੀਲ ਅਜਨਾਲਾ ਦੇ ਬਹੁਤ ਇਲਾਕਿਆਂ ਨੂੰ ਸਿੰਜਦੀ ਸੀ। ਜ਼ਿਲ੍ਹਾ ਅੰਮ੍ਰਿਤਸਰ ਦੀ ਮਜੀਠਾ ਡਵੀਜ਼ਨ ਵਿੱਚ ਇੱਕ ਸੌ ਮੋਘੇ ਛੋਟੇ ਕਰਨ ਦੀ ਸਕੀਮ ਬਣਾਈ ਗਈ। ਇਨ੍ਹਾਂ ਵਿਚੋਂ ਚਾਲੀ ਮੋਘੇ ਕਿਸਾਨਾਂ ਨੂੰ ਦੱਸੇ ਬਿਨਾਂ ਛੋਟੇ ਕਰਕੇ ਚੌਥਾ ਹਿੱਸਾ ਪਾਣੀ ਹੀ ਰਹਿਣ ਦਿੱਤਾ ਗਿਆ।ਪਤਾ ਲੱਗਣ 'ਤੇ ਕਿਸਾਨ ਦੁਖੀ ਹੋ ਗਿਆ।

ਸੰਨ 1946 ਵਿੱਚ ਸੂਬੇ ਦੀਆਂ ਚੋਣਾਂ ਹੋਈਆਂ ਤਾਂ ਕਾਂਗਰਸ, ਮੁਸਲਮ ਲੀਗ ਅਤੇ ਪੰਥਕ ਪਾਰਟੀਆਂ ਜਿੱਤ ਕੇ ਅੱਗੇ ਆ ਗਈਆਂ। ਅਕਾਲੀਆਂ ਤੇ ਕਾਂਗਰਸੀਆਂ ਨੇ ਰਲ ਕੇ ਸਰਕਾਰ ਬਣਾ ਲਈ। ਇਹ ਸਰਕਾਰ ਵੀ ਅੰਗਰੇਜ਼ ਪੱਖੀ ਕਿਸਾਨ ਘਾਤਕ ਕਾਨੂੰਨਾਂ ਵੱਲ ਧਿਆਨ ਦੇਣ ਦੀ ਬਜਾਏ ਹੋਰ ਸਖਤਾਈ ਕਰਨ ਲੱਗ ਪਈ।

ਹਰਸ਼ਾ ਛੀਨਾ ਦੇ ਆਲੇ-ਦੁਆਲੇ ਦੇ ਪੰਦਰਾਂ ਪਿੰਡਾਂ ਦੇ ਕਿਸਾਨਾਂ ਨੇ ਇਸ ਸਬੰਧੀ ਦਰਖਾਸਤਾਂ ਵੀ ਦਿੱਤੀਆਂ। ਹਲਕੇ ਦੇ ਵਿਧਾਇਕ ਨੂੰ ਨਾਲ ਲੈ ਕੇ ਵਜ਼ੀਰਾਂ ਕੋਲ ਗਏ, ਪਰ ਕੋਈ ਅਸਰ ਹੁੰਦਾ ਨਾ ਦੇਖ ਕੇ ਕਿਸਾਨਾਂ ਨੇ ਜ਼ਿਲ੍ਹਾ ਅੰਮ੍ਰਿਤਸਰ ਦੀ ਕਿਸਾਨ ਸਭਾ ਦੀ ਸਹਾਇਤਾ ਨਾਲ ਪਹਿਲੀ ਜੁਲਾਈ 1946 ਨੂੰ ਮੰਗ-ਪੱਤਰ ਦੇ ਕੇ ਮੰਗ ਕੀਤੀ ਕਿ ਗਿਮਾਂਡਲਿੰਗ ਸਕੀਮ ਬੰਦ ਕਰਕੇ ਮੋਘੇ ਪਹਿਲਾਂ ਵਾਲੇ ਸਾਈਜ਼ ਦੇ ਕੀਤੇ ਜਾਣ। ਇਸ ਲਈ ਪੰਦਰਾਂ ਦਿਨ ਦਾ ਸਮਾਂ ਦਿੱਤਾ ਗਿਆ। ਅਜਿਹਾ ਨਾ ਹੋਣ ਦੀ ਸੂਰਤ ਵਿੱਚ 20 ਜੁਲਾਈ 1946 ਨੂੰ ਨਵੇਂ ਲਾਏ ਮੋਘੇ ਉਖਾੜਨ ਦੀ ਚਿਤਾਵਨੀ ਦਿੱਤੀ ਗਈ।

ਸਰਕਾਰ ਵੱਲੋਂ ਕੋਈ ਧਿਆਨ ਨਾ ਦਿੱਤੇ ਜਾਣ 'ਤੇ 20 ਜੁਲਾਈ ਨੂੰ ਹਰਸ਼ਾ ਛੀਨਾ ਵਿਖੇ ਦਸ ਹਜ਼ਾਰ ਦੇ ਕਰੀਬ ਕਿਸਾਨਾਂ ਨੇ ਇਕੱਠੇ ਹੋ ਕੇ ਪੰਜਾਬ ਕਿਸਾਨ ਸਭਾ ਦੇ ਪ੍ਰਧਾਨ ਅੱਛਰ ਸਿੰਘ ਛੀਨਾ ਦੀ ਅਗਵਾਈ ਵਿੱਚ 25 ਵਲੰਟੀਅਰਾਂ ਦੇ ਜਥੇ ਨੇ ਗੁਰਦੁਆਰਾ ਬਾਬੇ ਦੀ ਕੁੱਲੀ ਤੋਂ ਮੋਘੇ ਪੁੱਟਣ ਲਈ ਮਾਰਚ ਕੀਤਾ। ਇਸ ਤਰ੍ਹਾਂ ਮੋਰਚਾ ਸ਼ੁਰੂ ਗਿਆ, ਹਰਸ਼ਾ ਛੀਨਾ ਮੋਘਾ ਮੋਰਚਾ ਵਾਰ ਕੌਂਸਲ ਬਣਾ ਕੇ ਸਾਰੇ ਪਿੰਡਾਂ ਵਿਚੋਂ ਜਥੇ ਵਾਰੋ-ਵਾਰੀ ਸੱਤਿਆਗ੍ਰਹਿ ਲਈ ਜਾਣੇ ਸ਼ੁਰੂ ਹੋ ਗਏ। ਪੰਜਾਬ ਕਿਸਾਨ ਸਭਾ ਵਲੋਂ ਸਾਰੇ ਪੰਜਾਬ ਦੇ ਜ਼ਿਲ੍ਹਿਆਂ ਨੂੰ ਜਥੇ ਭੇਜਣ ਦੀ ਹਦਾਇਤ ਨਾਲ ਜਥਿਆਂ ਦਾ ਜ਼ੋਰ ਤੇ ਜੋਸ਼ ਵਧਦਾ ਦੇਖ ਕੇ ਸਰਕਾਰ ਨੇ ਗ੍ਰਿਫ਼ਤਾਰੀਆਂ ਬੰਦ ਕਰ ਦਿੱਤੀਆਂ। ਤਦ ਜਥੇ ਨਹਿਰੀ ਵਿਭਾਗ ਦੇ ਦਫ਼ਤਰ ਅੱਗੇ ਧਰਨੇ ਦੇਣ ਲੱਗ ਪਏ।

ਇਸ ਮੋਰਚੇ ਵਿੱਚ ਬੀਬੀਆਂ ਵੀ ਸ਼ਾਮਲ ਹੋਈਆਂ ਸਨ। ਬੀਬੀ ਰਘਬੀਰ ਕੌਰ (ਸਾਬਕਾ ਵਿਧਾਇਕਾ), ਕਾਮਰੇਡ ਮੁਹਿੰਦਰ ਕੌਰ ਬੇਦੀ (ਮੁੰਢਾ), ਬੀਬੀ ਕਿਰਤਨ ਘੁੱਦੇ ਕੇ ਵਾਲੀ, ਸਿਨੋ ਕਸੇਲ ਆਦਿ ਦੀ ਅਗਵਾਈ ਵਿੱਚ ਬੀਬੀਆਂ ਪੁਲਸ ਦਾ ਘੇਰਾ ਤੋੜ ਕੇ ਨਹਿਰੀ ਦਫ਼ਤਰ ਵਿੱਚ ਦਾਖ਼ਲ ਹੋ ਗਈਆਂ। 'ਮੁਰਦਾਬਾਦ', 'ਨਹਿਰੀ ਮੋਰਚਾ ਜਿੱਤ ਕੇ ਰਹਾਂਗੇ' ਦੇ ਨਾਰੇ ਲਾਉਂਦੀਆਂ ਬੀਬੀਆਂ ਨੂੰ ਪੁਲਸ ਨੇ ਗ੍ਰਿਫ਼ਤਾਰ ਕਰਕੇ ਬੋਸਟਲ ਜੇਲ੍ਹ ਵਿੱਚ ਕੈਦ ਕਰ ਦਿੱਤਾ। ਇਸ ਮੋਰਚੇ ਵਿੱਚ ਅਠਾਰਾਂ ਸੌ ਕਿਸਾਨ ਗ੍ਰਿਫ਼ਤਾਰ ਹੋਏ ਸਨ। ਕਾਮਰੇਡ ਦਲੀਪ ਸਿੰਘ ਟਪਿਆਲਾ ਤੇ ਰਾਮ ਸਿੰਘ ਮਜੀਠਾ ਰੂਪੋਸ਼ ਹੋ ਕੇ ਇਸ ਮੋਰਚੇ ਲਈ ਕੰਮ ਕਰਦੇ ਰਹੇ। ਮੋਰਚਾ ਆਪਣੇ ਜ਼ੋਰਾਂ 'ਤੇ ਸੀ ਕਿ ਇਨ੍ਹਾਂ ਦਿਨਾਂ 'ਚ ਫ਼ਿਰਕੂ ਫਸਾਦ ਸ਼ੁਰੂ ਹੋ ਗਏ। ਬਾਬਾ ਹੁਕਮ ਸਿੰਘ ਘਵਿੰਡ ਦੀ ਅਗਵਾਈ ਹੇਠ 25 ਕਿਸਾਨਾਂ ਦਾ ਜਥਾ ਜਾਣ ਲਈ ਤਿਆਰ ਹੋਇਆ। ਦੇਸ਼ ਦੀ ਵੰਡ ਦੇ ਹਾਲਾਤ ਪੈਦਾ ਹੋਣ ਨਾਲ ਮੋਰਚਾ ਬੰਦ ਕਰਨਾ ਪਿਆ। ਛੇਤੀ ਹੀ ਪਿਛੋਂ ਅੰਗਰੇਜ਼ ਆਪਣਾ ਲਾਮ-ਲਸ਼ਕਰ ਤੇ ਬੋਰੀ-ਬਿਸਤਰਾ ਚੁੱਕ ਕੇ ਵਲਾਇਤ ਚਲਾ ਗਿਆ ਅਤੇ ਦੇਸ਼ ਆਜ਼ਾਦ ਹੋ ਗਿਆ।

ਹਰਸ਼ਾ ਛੀਨਾ ਮੋਘਾ ਮੋਰਚਾ ਸਮੇਂ ਸਰਕਾਰ ਵੱਲੋਂ ਪਾਇਆ ਤਾਜ਼ੀਰੀ ਤਾਵਾਨ ਆਜ਼ਾਦੀ ਤੋਂ ਬਾਅਦ 1970 ਤੱਕ ਲਾਗੂ ਰਿਹਾ। ਜਦੋਂ ਪੰਜਾਬ ਸਰਕਾਰ ਵੱਲੋਂ ਇਸ ਦੀ ਵਸੂਲੀ ਦੀ ਗੱਲ ਚਰਚਾ 'ਚ ਆਈ ਤਾਂ ਕਾਮਰੇਡ ਦਲੀਪ ਸਿੰਘ ਟਪਿਆਣਾ ਅਤੇ ਦਰਸ਼ਨ ਸਿੰਘ ਝਬਾਲ ਮੁੱਖ ਮੰਤਰੀ ਨੂੰ ਮਿਲੇ। ਡੈਪੂਟੇਸ਼ਨ ਮੁੱਖ ਮੰਤਰੀ ਨੂੰ ਮਿਲਿਆ ਤੇ ਦੱਸਿਆ ਕਿ ਕਿਵੇਂ 1946 ਵਿੱਚ ਲੱਗੇ ਕਿਸਾਨਾਂ ਦੇ ਨਹਿਰੀ ਪਾਣੀ ਬਾਰੇ ਮੋਰਚੇ 'ਹਰਸ਼ਾ ਛੀਨਾ ਮੋਘਾ ਮੋਰਚਾ' ਦੀ ਜੱਦੋ-ਜਹਿਦ ਸਮੇਂ ਅੰਗਰੇਜ਼ ਸਰਕਾਰ ਵੱਲੋਂ ਕਿਸਾਨਾਂ 'ਤੇ ਪਾਏ ਤਾਜ਼ੀਰੀ ਤਾਵਾਨ ਨੂੰ ਹੁਣ ਵੀ ਵਸੂਲ ਕੀਤਾ ਜਾ ਰਿਹਾ ਹੈ, ਕਿਸਾਨ ਪ੍ਰੇਸ਼ਾਨ ਹਨ। ਮੁੱਖ ਮੰਤਰੀ ਨੇ ਡੈਪੂਟੇਸ਼ਨ ਨੂੰ ਸੁਣਨ ਪਿੱਛੋਂ ਇਸ ਟੈਕਸ ਦੀ ਵਸੂਲੀ ਰੋਕ ਦੇਣ ਦਾ ਹੁਕਮ ਜਾਰੀ ਕਰ ਦਿੱਤਾ। ਇਹ ਤਾਵਾਨ ਸਰਕਾਰ ਵੱਲੋਂ ਮਨਸੂਖ ਨਹੀਂ ਕੀਤਾ ਗਿਆ। ਇਸ ਵਿਰੁੱਧ ਜ਼ਿਲ੍ਹੇ ਵਿੱਚ ਇੱਕ ਭਾਰੀ ਜੱਦੋ-ਜਹਿਦ ਸ਼ੁਰੂ ਕਰਨ ਦੀ ਲੋੜ ਹੈ।

('ਲੋਕ ਲਹਿਰ' 11 ਜੂਨ 1971, ਪੰਨਾ-2)

ਮਹਾਨ ਲਿਖਾਰੀ ਪ੍ਰੇਮ ਚੰਦ

ਰੂਸੀ ਲਿਖਾਰੀ ਵੀ. ਬਾਲਿਨ ਦੀ ਕਲਮ ਤੋਂ

ਮੁਨਸ਼ੀ ਪ੍ਰੇਮ ਚੰਦ ਹਿੰਦ ਦੇ ਮਹਾਨ ਲਿਖਾਰੀ ਹਨ। ਉਹਨਾਂ ਦੀ 26ਵੀਂ ਵਰ੍ਹੇਗੰਢ 31 ਜੁਲਾਈ ਨੂੰ ਮਨਾਈ ਜਾਵੇਗੀ। ਉਹਨਾਂ ਦੀਆਂ ਲਿਖਤਾਂ ਆਪਣੇ ਲੋਕਾਂ ਦੀ ਖਿਦਮਤ ਦੀ ਰੌਸ਼ਨ ਮਿਸਾਲ ਹਨ। ਉਹਨਾਂ ਦੀਆਂ ਲਿਖਤਾਂ ਹਿੰਦੀ ਤੇ ਉਰਦੂ ਵਿੱਚ ਕਲਾ, ਸਕਸ ਦਾ ਦਰਜਾ ਅਖਤਿਆਰ ਕਰ ਗਈਆਂ ਹਨ।

ਪ੍ਰੇਮ ਚੰਦ ਨੇ ਕਿਹਾ ਕਿ ਹਰ ਲਿਖਾਰੀ ਦਾ ਫਰਜ਼ ਹੈ ਕਿ ਉਹ ਮਜ਼ਲੂਮਾਂ ਦੀ ਹਮਾਇਤ ਤੇ ਰੱਖਿਆ ਕਰੇ। ਆਪਣੀ ਸਾਰੀ ਜ਼ਿੰਦਗੀ ਉਹ ਇਹ ਸਮਾਜੀ ਫਰਜ਼ ਨਿਭਾਉਂਦੇ ਰਹੇ।

20ਵੀਂ ਸਦੀ ਦੇ ਮੱਧ ਉੱਤੇ ਹਿੰਦੁਸਤਾਨ ਅਜੇ ਨੌਅਬਾਦੀ ਦੇਸ਼ ਸੀ ।ਸਾਮਰਾਜੀਆਂ ਇੱਥੇ ਜਾਗੀਰਦਾਰੀ ਦੀ ਰਹਿੰਦ ਖੂੰਹਦ ਨੂੰ ਪਾਲਿਆ, ਕਿਉਂਕਿ ਜਾਗੀਰਦਾਰੀ ਉਸ ਦੇ ਆਪਣੇ ਰਾਜ ਲਈ ਬੜਾ ਵੱਡਾ ਸਹਾਰਾ ਸੀ, ਪਰ ਜਾਗੀਰਦਾਰੀ ਨੇ ਮਿਹਨਤਕਸ਼ਾਂ ਤੇ ਖਾਸਕਰ ਕਿਸਾਨਾਂ ਦੀ ਹਾਲਤ ਬਹੁਤ ਦਰਦਨਾਕ ਤੇ ਮੁਸ਼ਕਲ ਬਣਾ ਦਿੱਤੀ। ਸਾਮਰਾਜੀ ਖੌਫਨਾਕ ਪੁਲਸ ਤਸ਼ੱਦਦ ਵੀ ਵਰਤਦੇ ਸਨ। ਸਾਮਰਾਜੀਆਂ ਦੇ ਜਬਰ ਨੇ ਹਿੰਦ ਦੇ ਲੋਕਾਂ ਵਿੱਚ ਗੁੱਸਾ ਜਗਾ ਦਿੱਤਾ। ਹਿੰਦੁਸਤਾਨ ਵਿੱਚ ਕੌਮੀ ਚੇਤਨਾ ਵਧਣ ਲੱਗੀ। 1904 ਤੋਂ 1910 ਦੇ ਅਰਸੇ ਦੌਰਾਨ ਹਿੰਦੁਸਤਾਨ ਦੇ ਲੋਕਾਂ ਨੇ ਸਾਮਰਾਜੀ ਨਿਜ਼ਾਮ ਨੂੰ ਉਲਟਾਉਣ ਲਈ ਤਕੜਾ ਹੰਭਲਾ ਮਾਰਿਆ।

ਆਪਣੇ ਬਚਪਨ ਤੋਂ ਹੀ ਪ੍ਰੇਮ ਚੰਦ ਨੇ ਲੋਕਾਂ ਦੀਆਂ ਤੰਗੀਆਂ, ਮੁਸ਼ਕਲਾਂ ਤੇ ਪੀੜਾਂ ਤੱਕੀਆਂ ਸਨ। ਉਹ ਆਪ ਇੱਕ ਹੇਠਲੇ ਦਰਮਿਆਨੇ ਤਬਕੇ ਵਿੱਚੋਂ ਸਨ। ਉਹਨਾਂ ਨੂੰ ਖੁਦ ਬੇਰੁਜ਼ਗਾਰੀ, ਭੁੱਖ ਤੇ ਕੰਗਾਲੀ ਦਾ ਸਾਹਮਣਾ ਕਰਨਾ ਪਿਆ। ਬੜੀ ਮੁਸ਼ਕਲ ਨਾਲ ਉਹਨਾਂ ਵਿੱਦਿਆ ਹਾਸਲ ਕੀਤੀ। ਸਕੂਲ ਮਾਸਟਰ ਬਨਣ ਤੋਂ ਬਾਅਦ ਹੀ ਉਹਨਾਂ ਸਾਹਿਤਕ ਮੈਦਾਨ ਵਿੱਚ ਪਹਿਲੀ ਉਲਾਂਘ ਭਰੀ। ਪੱਤਰਕਾਰੀ ਨੇ ਉਹਨਾਂ ਨੂੰ ਸਿਆਸੀ ਜੱਦੋਜਹਿਦ ਦੇ ਦਘਦੇ ਹੋਏ ਮਾਹੌਲ ਵਿੱਚ ਲੈ ਆਂਦਾ।

ਪ੍ਰੇਮ ਚੰਦ ਦਾ ਪਹਿਲਾ ਕਹਾਣੀ ਸੰਗ੍ਰਹਿ ਦੇਸ਼ ਪਿਆਰ ਸੀ। ਉਸ ਵਿੱਚ ਹੀ ਉਹਨਾਂ ਘਿਰਣਾ ਭਰੇ ਸਾਮਰਾਜੀ ਰਾਜ ਨੂੰ ਨੰਗਿਆਂ ਕੀਤਾ ਤੇ ਆਪਣੇ ਲੋਕਾਂ ਨੂੰ ਝੰਜੋੜਿਆ ਕਿ ਆਪਣੇ ਦੇਸ਼ ਦੀ ਗੌਰਵਤਾ ਲਈ ਸਭ ਕੁਝ ਇੱਥੋਂ ਤੱਕ ਕਿ ਆਪਣੀ ਜ਼ਿੰਦਗੀ ਵੀ ਦਾਅ ਉੱਤੇ ਲਾ ਦਿਓ। ਸਾਮਰਾਜੀਆਂ ਨੇ ਕਿਤਾਬ ਉੱਤੇ ਪਾਬੰਦੀ ਲਾ ਦਿੱਤੀ ਤੇ ਸਾਰੀ ਦੀ ਸਾਰੀ ਕਿਤਾਬ ਸਾੜ ਦਿੱਤੀ। ਲਿਖਾਰੀ ਨੂੰ ਸਖਤ ਕਾਰਵਾਈ ਦੀ ਧਮਕੀ ਦਿੱਤੀ ਗਈ, ਪਰ ਇਹ ਧਮਕੀਆਂ ਪ੍ਰੇਮ ਚੰਦ ਦੇ ਵਿਚਾਰ ਨਹੀਂ ਡੁਲਾ ਸਕੀਆਂ। ਉਹ ਜਾਣਦੇ ਸਨ ਕਿ ਸੱਚਾਈ ਭਰੇ ਸ਼ਬਦ ਜਾਬਰਾਂ ਦਾ ਦਿਲ ਹਿਲਾ ਦਿੰਦੇ ਹਨ ਤੇ ਲੋਕਾਂ ਦੀ ਚੇਤਨਾ ਨੂੰ ਉਜਾਗਰ ਕਰਨ ਵਿੱਚ ਮਦਦਗਾਰ ਬਣਦੇ ਹਨ। ਉਨ੍ਹਾ ਬਿਨਾਂ ਕਿਸੇ ਝਿਜਕ ਆਪਣੇ-ਆਪ ਨੂੰ ਹਿੰਦ ਦੇ ਸਵਰਾਜ ਲਈ ਅਰਪਨ ਕਰ ਦਿੱਤਾ।

ਪ੍ਰੇਮ ਚੰਦ ਦੀਆਂ ਲਿਖਤਾਂ ਦਾ ਸਭ ਤੋਂ ਉਜਾਗਰ ਪਹਿਲੂ ਇਹ ਹੈ ਕਿ ਉਹਨਾਂ ਆਪਣੀਆਂ ਕਹਾਣੀਆਂ ਲਈ ਹਮੇਸ਼ਾ ਸਾਧਾਰਨ ਲੋਕਾਂ ਨੂੰ ਚੁਣਿਆ।

ਉਹ ਕਿਸਾਨ ਦੇ ਕੰਮ ਤੇ ਜ਼ਿੰਦਗੀ ਦੀਆਂ ਹਾਲਤਾਂ ਤੋਂ ਵਾਕਫ ਸਨ। ਉਹਨਾਂ ਨੂੰ ਪਤਾ ਸੀ ਕਿ ਸ਼ਹਿਰ ਦੇ ਗਰੀਬ ਤੇ ਨੌਕਰੀਪੇਸ਼ਾ ਕਿਵੇਂ ਦਿਨ ਗੁਜ਼ਾਰਦੇ ਹਨ। ਉਹ ਇਨ੍ਹਾਂ ਸਭ ਦੀ ਹੋਣੀ ਲਈ ਡੂੰਘੀ ਹਮਦਰਦੀ ਤੇ ਦਰਦ ਰੱਖਦੇ ਸਨ। ਇਹਨਾਂ ਗੱਲਾਂ ਦੇ ਸਦਕਾ ਹੀ ਉਹਨਾਂ ਉਰਦੂ ਤੇ ਹਿੰਦੀ ਵਿੱਚ ਇਹੋ ਜਿਹੇ ਮਸਲੇ ਲਏ ਜਿਹੜੇ ਨਵੇਂ ਸਨ। ਹਿੰਦੁਸਤਾਨ ਦੇ ਸਾਹਿਤ ਵਿੱਚ ਕੇਂਦਰੀ ਕਿਰਦਾਰ ਇਕ ਕਾਮਾ ਬਣ ਗਿਆ, ਜਿਹੜਾ ਦੁਖੀ ਹੈ, ਪਰ ਜਿਸ ਦਾ ਦਿਲ ਸੁਨਹਿਰੀ ਤੇ ਸੁੱਚਾ ਹੈ। ਮੁਨਸ਼ੀ ਪ੍ਰੇਮ ਚੰਦ ਦੇ ਸਭ ਹੀਰੋ ਮੁਸ਼ਕਲਾਂ ਤੇ ਤਕਲੀਫਾਂ ਵਿੱਚੋਂ ਗੁਜ਼ਰਦੇ ਹਨ, ਪਰ ਉਹਨਾਂ ਨੂੰ ਹਮੇਸ਼ਾ ਸੱਚਾਈ ਦੀ ਜਿੱਤ ਉੱਤੇ ਵਿਸ਼ਵਾਸ ਰਹਿੰ